ISSN 0972-2335

# ਅੰਮ੍ਰਿਤ ਕੀਰਤਨ

## ਦਸੰਬਰ 2016



ੴ ਸਤਿਗੁਰ ਪ੍ਰਸਾਦਿ ॥

ਰਾਗੁ ਗਉੜੀ ਮਹਲਾ ੯ ॥

ਸਾਧੋ ਮਨ ਕਾ ਮਾਨੁ ਤਿਆਗਉ ॥

ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ

ਤਾ ਤੇ ਅਹਿਨਿਸਿ ਭਾਗਉ ॥੧॥ ਰਹਾਉ ॥

ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ ॥

ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ ॥੧॥

ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ ॥

ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ ॥੨॥੧॥

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-

Posting Date 01 December 2016

# ਪਿਆਸੀ ਰੂਹ

ਸੁਫਨੇ ਦੇ ਵਿਚ ਵੇਖਾਂ ਮਾਹੀ,

ਖੜਾ ਮਿਲਣ ਲਈ ਬਾਹਾਂ ਪਸਾਰ।

ਗਦ ਗਦ ਹੋਇਆ ਮਾਰ ਹੁਲਾਰੇ,


ਮਨ ਵਿਚ ਆਈ ਸੋਹਲ ਵਿਚਾਰ।

ਅਗਾਂਹ ਹੋ ਕੇ ਕੀਤਾ ਤਰਲਾ,

ਗਲਵੱਕੜੀ ਲਈ ਹੋਈ ਤਿਆਰ।

ਨਹੀਂ ਪਰਛਾਵੇਂ ਬਿਨ ਕੁਝ ਮਿਲਿਆ,

ਨਦੀ ਪਰਛਾਵਾਂ ਐਵੇਂ ਡਿੱਠਾ ਜਿਉਂ ਰੇਤੇ ਦੀ ਧਾਰ



# प्यासी रुह

सुपने दे विच देखां माही,

खड़ा मिलन लई बाहां पसार।

गद गद होया मार हुलारे,

मन विच आई सोहल विचार।

अगाहां हो के कीता तरला,

गलवकड़ी लई होई तैयार।

नहीं परछावें बिन कुझ मिलिआ,

नदी परछावां ऐवे डिठा ज्यों रेते दी धार।

**ਪੁਸਤਕ -ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ

ਸੰਪਾਦਕ (ਆਨਰੇਰੀ)

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ

ਸਹਿਯੋਗੀ

**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

ਆਨਰੇਰੀ ਸਲਾਹਕਾਰ

**ਸ: ਹਰਚੰਦਨ ਸਿੰਘ**

▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

ਚੰਦੇ ਦਾ ਵੇਰਵਾ

▲ ਇਕ ਕਾਪੀ 15 ਰੁ.,
ਦੇਸ਼ ਸਾਲਾਨਾ ਚੰਦਾ 150 ਰੁ.
ਜੀਵਨ ਮੈਂਬਰ ਚੰਦਾ 1500 ਰੁ.

▲ ਵਿਦੇਸ਼: ਸਲਾਨਾ ਚੰਦਾ 30 £, ਜੀਵਨ ਮੈਂਬਰ ਚੰਦਾ 300 £

▲ 'ਅੰਮ੍ਰਿਤ ਕੀਰਤਨ' ਲਈ ਡਰਾਫਟ, ਮਾਇਕ ਸਹਾਇਤਾ, ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ–

ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15–ਏ, ਚੰਡੀਗੜ੍ਹ 160 015
ਫੋਨ : 0172-2772660, 098140 53630

e-mail: drjagirsingh@gmail.com
Website : www.amritkirtan.com, www.gurshabad.com

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਸ਼ੋਅਰੂਮ ਨੰ: 443, ਮਟੌਰ, ਸੈਕਟਰ 70, ਮੁਹਾਲੀ ਫੋਨ : 0172-2216283, 98150-72197ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।


# ਇਸ ਅੰਕ ਵਿਚ


| | |
|---|---|
| ਸੰਪਾਦਕੀ : ਕਰਉ ਬੇਨੰਤੀਅ<br>ਮੇਰਾ ਪਿੰਡ ਬਪਰੋਰ | 4 |
| ਬਲ ਛੁਟਕਿਓ ਬੰਧਨ ਪਰੇ<br>ਡਾ. ਕੇਸਰ ਸਿੰਘ (ਕੇਸਰ) | 5 |
| ਕਿਵ ਹੋਵੇ ਕੀਰਤਨ ਰਸਮੀ ਤੋਂ ਰਸਮਈ...<br>ਕਿਰਤ ਤੋਂ ਕੀਰਤੀ... ਰੇਣੂਕਾ ਸਰਬਜੀਤ ਸਿੰਘ | 12 |
| ਗੁਰੂ ਨਾਨਕ ਦੇਵ ਜੀ ਦੇ ਕੀਰਤਨੀਏ<br>ਭਾਈ ਸਹਿਜਾਦਾ ਤੇ ਭਾਈ ਦਾਲਾ ਜੀ<br>ਡਾ. ਗੁਰਨਾਮ ਸਿੰਘ | 16 |
| ਬਹੁ ਪੱਖੀ ਸ਼ਖਸੀਅਤ : ਭਾਈ ਕਰਮ ਸਿੰਘ ਰਤਨ<br>ਭਾਈ ਗੁਰਮੀਤ ਸਿੰਘ ਜੋਸ਼ | 19 |
| ਰਾਗ ਗਉੜੀ ਮਾਲਾ ਉਸਤਾਦ ਸੁਰਜੀਤ ਸਿੰਘ | 22 |
| ਸ਼ਬਦ ਅਰਥ | 23 |


## ਵਿਸ਼ੇਸ਼ ਸੂਚਨਾ

ਅੰਮ੍ਰਿਤ ਕੀਰਤਨ ਇਕ ਵਿਸ਼ੇਸ਼ ਪ੍ਰਕਾਰ ਦਾ ਮਾਸਿਕ ਪੱਤਰ ਹੈ। ਜੇ ਇਹ ਤੁਹਾਨੂੰ ਨਹੀਂ ਚਾਹੀਦਾ ਤਾਂ ਤੁਸੀਂ ਐਡਰੈੱਸ ਰੈਪਰ (ਕਵਰ ਪੇਪਰ) 'ਤੇ ਵਾਪਿਸ ਜਾਵੇ ਜਾਂ Return ਲਿਖ ਕੇ ਪੋਸਟ ਬਾਕਸ ਵਿਚ ਪਾ ਦਿਉ ਤਾਂ ਜੋ ਅੱਗੇ ਤੋਂ ਤੁਹਾਨੂੰ ਮੈਗਜ਼ੀਨ ਬੰਦ ਕਰ ਦਿੱਤਾ ਜਾਵੇ ਜਾਂ 9814053630 'ਤੇ ਸੂਚਿਤ ਕਰੋ ਜੀ।

## ਮਾਇਕ ਸਹਾਇਤਾ ਭੇਜਣ ਦੀ ਕਿਰਪਾ ਕਰੋ ਜੀ

ਚੈੱਕ ਜਾਂ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of Patiala ਵਿਚ Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਨਾਮ ਅਤੇ ਐੱਡਰੈੱਸ ਜ਼ਰੂਰ ਸੂਚਿਤ ਕਰੋ ਜੀ ਤਾਂ ਜੋ ਅਸੀਂ ਰਸੀਦ ਕੱਟ ਸਕੀਏ।

Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-

# ਕਰਉ ਬੇਨੰਤੀਆ

## ਮੇਰਾ ਪਿੰਡ ਬਪਰੋਰ

ਤਿੰਨ ਚਾਰ ਸਾਲ ਪਹਿਲਾਂ ਜਦੋਂ ਮੇਰਾ ਬੇਟਾ ਹਰਗੁਨਗੀਤ ਸਿੰਘ ਲੰਡਨ ਸਕੂਲ ਆਫ ਇਕਨਾਮਿਕਸ ਵਿੱਚ ਪੜ੍ਹਨ ਲਈ ਗਿਆ ਤਾਂ ਉਸ ਨੇ ਕੁਝ ਸਮਾਂ ਹੰਸਲੋ ਵਿੱਖੇ ਸ੍ਰ. ਨਰਿੰਦਰ ਸਿੰਘ ਧੱਤ ਹੋਰਾਂ ਦੇ ਘਰ ਰਹਿਣਾ ਸੀ। ਉਹਨਾਂ ਦੀ ਪਤਨੀ ਬੀਬੀ ਮਨਜੀਤ ਕੌਰ ਧੱਤ ਨੇ ਇੱਕ ਪੁਸਤਕ ਮੰਗਵਾਈ ਸੀ – ਪੰਜਾਬ ਦੇ ਪਿੰਡ, ਸ਼ਹਿਰ ਅਤੇ ਕਸਬੇ ਇਹ ਪੁਸਤਕ ਇੰਡੀਅਨ ਸਟੈਟਿਸਟੀਕਲ ਲਾਇਬ੍ਰੇਰੀ ਲੁਧਿਆਣਾ ਵੱਲੋਂ ਪ੍ਰਕਾਸ਼ਿਤ ਕੀਤੀ ਗਈ ਹੈ। ਉਦੋਂ ਇਸ ਦੀ ਇੱਕ ਕਾਪੀ ਮੈਂ ਵੀ ਰੱਖ ਲਈ ਸੀ। ਪਿੱਛੇ ਜਿਹੇ ਇਸ ਦੇ ਪੰਨੇ ਫਰੋਲਦਿਆਂ ਆਪਣੇ ਪਿੰਡ ਵਾਲੀ ਐਂਟਰੀ ਪੜ੍ਹੀ ਤਾਂ ਹੈਰਾਨੀ ਹੋਈ। ਲਿਖਿਆ ਸੀ – ਬਪਰੋਰ, ਤਹਿਸੀਲ ਰਾਜ ਪੁਰਾ, ਹ. ਬ. 143, ਰਕਬਾ 392 ਹੈਕ, ਅਬਾਦੀ 2129, ਡਾਕ ਘਰ ਗਦਾਪੁਰ (140417)1 ਕਿ ਮੀ ਰਾਜਪੁਰਾ–ਅੰਬਾਲਾ ਸੜਕ ਤੋਂ 1 ਕਿ ਮੀ, ਰੇਲ ਸ. ਸ਼ੰਭੂ 5 ਕਿ ਮੀ। ਇਸ ਦੇ ਨਾਲ ਇੱਕ ਡੱਬੀ ਵਿੱਚ ਲਿਖਿਆ ਸੀ–**ਭਾਸ਼ਾ ਵਿਭਾਗ ਪੰਜਾਬ ਵਲੋਂ ਸ਼੍ਰੋਮਣੀ ਰਾਗੀ ਵਜੋਂ ਸਨਮਾਨਿਤ ਗੁਰਬਾਣੀ ਨੂੰ ਰਸ ਭਿੰਨੇ ਸੁਰਾਂ ਵਿੱਚ ਗਾ ਕੇ ਸੰਗਤ ਤੱਕ ਪਹੁਚਾਉਣ ਵਾਲੇ ਡਾ. ਜਾਗੀਰ ਸਿੰਘ ਦਾ ਜਨਮ 4 ਅਕਤੂਬਰ 1949 ਨੂੰ ਇੱਥੇ ਹੋਇਆ ।**

ਮੇਰਾ ਜਨਮ ਇਸ ਪਿੰਡ ਵਿੱਚ ਹੋਇਆ ਇਸ ਨਾਲ ਖੱਟੀਆਂ ਮਿੱਠੀਆਂ ਯਾਦਾਂ ਜੁੜੀਆਂ ਹੋਈਆਂ ਹਨ। ਮੇਰੇ ਬਜ਼ੁਰਗ ਪਾਕਿਸਤਾਨੋਂ ਉਜੜ ਪੁਜੜ ਕੇ ਇਥੇ ਆਏ ਸਨ। ਜ਼ਮੀਨ ਮਾਰੂ ਹੁੰਦੀ ਸੀ। ਪਾਕਿਸਤਾਨ ਵਿੱਚਲੀ ਖੁਸ਼ਹਾਲੀ ਨੂੰ ਯਾਦ ਕਰਦਿਆਂ ਇਥੇ ਦੀ ਗਰੀਬੀ ਬਹੁਤ ਔਖਾ ਕਰ ਰਹੀ ਸੀ। ਕਦੀ ਇੱਥੋਂ ਪਿੰਡ ਲੋਹਾਖੇੜੀ ਚਲੇ ਗਏ। ਮੈਂ ਪਹਿਲੀ ਵਾਰੀ ਉਥੇ ਨਾਲ ਲਗਦੇ ਪਿੰਡ ਕੁਥਾ ਖੇੜੀ ਵਿੱਚ ਪਹਿਲੀ ਕੱਚੀ ਜਮਾਤ ਵਿੱਚ ਦਾਖਲ ਹੋਇਆ ਸੀ। ਫਿਰ ਪਹਿਲੀ ਪੱਕੀ ਅੰਬਾਲੇ ਗੁਰਦੁਆਰਾ ਮੰਜੀ ਸਾਹਿਬ ਅਤੇ ਫਿਰ ਦੂਜੀ ਤੀਜੀ ਜਮਾਤ ਬਪਰੌਰ ਵਿੱਚ ਪੜ੍ਹਿਆ। ਚੌਥੀ ਪੰਜਵੀਂ ਯੂ ਪੀ ਪਿੰਡ ਮਾਠਖੇੜਾ ਜ਼ਿਲਾ ਰਾਮ ਪੁਰ ਛੇਵੀ ਸਤਵੀਂ ਬਿਲਾਸਪੁਰ ਜਿਲਾ ਰਾਮ ਪੁਰ ਯੂ ਪੀ ਅਤੇ ਫਿਰ ਅਠਵੀਂ ਨੌਵੀਂ ਦਸਵੀਂ ਅੰਬਾਲੇ। ਦਸਵੀਂ ਤੋਂ ਬਾਅਦ ਪਿੰਡ ਛੱਡ ਦਿੱਤਾ। ਪਰ ਪਿੰਡ ਦੀਆਂ ਕੁਝ ਤਸਵੀਰਾਂ ਚੇਤੇ ਵਿੱਚ ਹਨ। 1947 ਤੋਂ ਪਹਿਲਾਂ  ਇਹ ਪਿੰਡ ਮੁਸਲਮਾਨੀ ਪਿੰਡ ਸੀ। ਇਸ ਛੋਟੇ ਜਿਹੇ ਪਿੰਡ ਵਿੱਚ ਤਿੰਨ ਚਾਰ ਮਸੀਤਾਂ ਸਨ। ਜੀ ਟੀ ਰੋਡ ਤੇ ਹੋਣ ਕਰਕੇ ਸ਼ਾਇਦ ਇਹ ਕਿਸੇ ਵਾਪਾਰ ਨਾਲ ਸਬੰਧਤ ਹੋਵੇ ਇਸ ਦੇ ਨਾਮ ਦੇ ਅਰਥ ਅਜੇ ਤਕ ਸਮਝ ਨਹੀਂ ਆਏ।

ਜੇ ਸਿੱਖੀ ਚੇਤਨਾ ਬਾਰੇ ਗੱਲ ਕਰੀਏ ਤਾਂ ਇਸ ਪਿੰਡ ਦੇ ਗਿਆਨੀ ਤਖਤ ਸਿੰਘ ਅਤੇ ਗਿਆਨੀ ਸੰਤ ਸਿੰਘ ਪੰਜਾਬੀ ਸੂਬੇ ਦੇ ਮੋਰਚਿਆਂ ਵਿਚ ਸਰਗਰਮ ਹਿੱਸਾ ਲੈਣ ਵਾਲੇ ਜਥੇਦਾਰ ਸਨ। ਮੇਰੇ ਬਜ਼ੁਰਗ ਪਾਕਿਸਤਾਨ ਦੇ ਪਿੰਡ ਗੋਬਿੰਦ ਪੁਰਾ ਨਾਲ ਸਬੰਧਤ ਸਨ। ਪ੍ਰਸਿੱਧ ਦੌੜਾਕ ਮਿਲਖਾ ਸਿੰਘ ਵੀ ਇਸੇ ਪਿੰਡ ਦੇ ਹੀ ਸਨ। ਜਦੋਂ ਮੈਂ ਹੋਸ਼ ਸੰਭਾਲਿਆ ਤਾਂ ਵੇਖਿਆ ਕਿ ਇਸ ਪਿੰਡ ਦੇ ਲੋਕਾਂ ਨੂੰ ਮੁਕੱਦਮੇਬਾਜ਼ੀ ਦਾ ਬਹੁਤ ਸ਼ੌਕ ਹੈ। ਛੋਟੀ ਛੋਟੀ ਗੱਲ ਤੇ ਮੁਕੱਦਮੇ ਕਰ ਦੇਣੇ ਆਮ ਜਿਹੀ ਗੱਲ ਹੈ। ਧੜੇਬੰਦੀ ਵਿੱਚ ਸਾਡਾ ਪਿੰਡ ਬੜਾ ਮਸ਼ਹੂਰ ਹੈ। ਇਥੇ ਸਾਰੇ ਗੁਰਪੁਰਬ ਬੜੇ ਚਾਅ ਨਾਲ ਮਨਾਏ ਜਾਂਦੇ ਸਨ। ਤਿੰਨ ਦਿਨ ਗੁਰਦੁਆਰੇ ਵਿੱਚ ਦੀਵਾਨ ਸਜਦੇ ਅਤੇ ਉਥੇ ਧੜੇ ਬਣਾ ਕੇ ਜਿਦਮਜਿਦੀ ਸ਼ਬਦ ਅਤੇ ਕਵਿਤਾਵਾਂ ਗੀਤ ਗਾਇਨ ਕੀਤੇ ਜਾਂਦੇ ਸਨ। ਇਹ ਗੱਲਾਂ ਤਾਂ ਮੇਰੇ ਸਮੇਂ ਦੀਆਂ ਹਨ ਹੁਣ ਦਾ ਮੈਨੂੰ ਪਤਾ ਨਹੀਂ।  ਇਸ ਪਿੰਡ ਦੇ ਲੋਕਾਂ ਵਿੱਚ ਸੰਗੀਤ ਦੀ ਗੁੜ੍ਹਤੀ ਕਿਸੇ ਪਿਛੋਕੜ ਤੋਂ ਹੀ ਆਈ ਜਾਪਦੀ ਹੈ । ਇਸ ਨਾਲ ਸਬੰਬਤ ਕੁਝ ਕੀਰਤਨੀਆਂ ਦੇ ਨਾਮ ਚੇਤੇ ਆਉਂਦੇ ਹਨ। ਰਵੇਲ ਸਿੰਘ ਕੇਵਲ ਢੋਲਕੀ ਨਾਲ ਤਿੰਨ ਤਾਲ ਵਿੱਚ ਸ਼ਬਦ ਗਾਇਨ ਕਰਦੇ ਸਨ। ਉਹਨਾ ਦੇ ਸ਼ਬਦ ਗਾਇਨ ਦੀਆਂ ਤੁਕਾਂ ਯਾਦ ਆਉਂਦੀਆਂ ਹਨ। ਤੂ ਕਿਉ ਮੁਰਗੀ ਮਾਰੈ। ਇਹ ਸ਼ਬਦ ਗਾਉਂਦਿਆਂ ਹੀ ਉਹ ਕਈ ਕਿਸਮ ਦੀਆਂ ਤਿਹਾਈਆ ਗਾਇਨ ਕਰਦੇ ਸਨ। ਫੌਜਾ ਸਿੰਘ ਦਾ ਕੀਰਤਨ ਨਹੀਂ ਸੁਣਿਆ ਪਰ ਉਹ ਮੌਢੇ ਤੇ ਹਰਮੋਨੀਆਮ ਚੁੱਕ ਦੇ ਆਉਂਦੇ ਜਾਂਦੇ ਜ਼ਰੂਰ ਦਿਸਦੇ ਸਨ। ਭਾਈ ਮਾਨ ਸਿੰਘ ਪੰਛੀ ਤੇ ਭਾਈ ਧਿਆਨ ਸਿੰਘ ਨੇ ਗੁਰਦੁਆਰਾ ਮੰਜੀ ਸਾਹਿਬ ਅੰਬਾਲਾ ਤੋਂ ਇਲਾਵਾ ਹੋਰ ਗੁਰਦੁਆਰਾ ਸਾਹਿਬਾਨ ਵਿੱਚ ਵੀ ਮਿਆਰੀ ਕੀਰਤਨ ਕੀਤਾ ਹੈ। ਮੇਰੇ ਚਾਚਾ ਜੀ ਕੈਪਟਨ ਅਮਰੀਕ ਸਿੰਘ ਵੀ ਕੀਰਤਨ ਕਰਦੇ ਹਨ। ਮੇਰੇ ਆਪਣੇ ਪਰਿਵਾਰ ਬਾਰੇ ਤਾਂ ਤੁਸੀਂ ਕਾਫੀ ਪੜ੍ਹ ਚੁਕੇ ਹੋ। ਹੁਣ ਮੇਰੇ ਪਿੰਡ ਦਾ ਕੀ ਹਾਲ ਹੈ। ਬਹੁਤਾ ਪਤਾ ਨਹੀਂ ਮੈਂ ਤਾਂ 1965 66 ਤੋਂ ਚਾਰ ਪੰਜ ਵਾਰ ਹੀ ਪਿੰਡ ਗਿਆ ਹੋਵਾਂਗਾ। ਜਦੋਂ ਕਦੇ ਜੀ ਟੀ ਰੋਡ ਤੋਂ ਲੰਘੀਦਾ ਹੈ ਤਾਂ ਪੰਜਾਬ ਅਤੇ ਹਰਿਆਣਾ ਬੈਰੀਅਰ ਇੱਥੇ ਬਣਨ ਨਾਲ ਟਰੱਕਾਂ ਦੀ ਭੀੜ ਦਿਸਦੀ ਹੈ। ਕੁਝ ਕਾਲਜਾਂ ਦੀਆਂ ਵੱਡੀਆਂ ਵੱਡੀਆਂ ਇਮਾਰਤਾਂ ਵਿੱਚ ਮੇਰਾ ਇਹ ਪਿੰਡ ਜਿਵੇਂ ਮਾੜਚੂ ਜਿਹਾ ਹੀ ਹੋ ਗਿਆ ਹੈ। ਭੁੱਲ ਚੁਕ ਖਿਮਾ

# ਬਲ ਛੁਟਕਿਓ ਬੰਧਨ ਪਰੇ

ਡਾ. ਕੇਸਰ ਸਿੰਘ (ਕੇਸਰ)

ਸ੍ਰੀ ਗੁਰੂ ਤੇਗ ਬਹਾਦੁਰ ਦੀ ਬਾਣੀ ਉਪਦੇਸ਼ਾਤਮਕ ਹੈ। ਇਸ ਵਿਚਲੇ ਉਪਦੇਸ਼ਕ ਦੀ ਆਪਣੇ ਸਰੋਤੇ ਨਾਲ ਹਮਦਰਦੀ ਕੁਝ ਇਸ ਤਰ੍ਹਾਂ ਦੀ ਹੈ ਜਿਵੇਂ ਇੱਕ ਮਨੋਰਗੀ ਨਾਲ ਕਿਸੇ ਮਨੋਵਿਗਿਆਨੀ ਡਾਕਟਰ ਦੀ ਹੁੰਦੀ ਹੈ। ਡਾਕਟਰ ਆਪਣੇ ਮਰੀਜ਼ ਨੂੰ ਬੜੇ ਪਿਆਰ ਨਾਲ ਸਮਝਾ ਬੁਝਾ ਕੇ ਅਰੋਗ ਕਰਨ ਦੇ ਜਤਨ ਵਿੱਚ ਹੈ: *ਕਹੁ ਨਾਨਕ ਹਰਿ ਭਜ ਮਨਾ, ਕਹੁ ਨਾਨਕ ਨਰ ਬਾਵਰੇ, ਕਹੁ ਨਾਨਕ ਸੁਨ ਰੇ ਮਨਾ, ਕਹੁ ਨਾਨਕ ਸੁਨ ਮੀਤ।*

'ਨਰ ਬਾਵਰੇ', 'ਸੁਨ ਰੇ ਮਨਾ' ਤੇ 'ਸੁਨ ਮੀਤ' ਵਰਗੇ ਸੰਬੋਧਨੀ ਸ਼ਬਦਾਂ ਵਿੱਚ ਜੋ ਅਪਣੱਤ ਹੈ ਉਸ ਤੋਂ ਉਪਦੇਸ਼ਕ ਦੀ ਮਹਾਨਤਾ, ਉੱਚਤਾ, ਗਿਆਨ ਤੇ ਮਾਨਸਿਕ ਸੰਤੁਲਨ ਦਾ ਵੀ ਪਤਾ ਲਗਦਾ ਹੈ ਤੇ ਸੁਣਨ ਵਾਲੇ ਦੇ ਅਗਿਆਨੀ, ਵਿਸ਼ਾਦ-ਗ੍ਰਸਤ ਤੇ ਨਿਤਾਣੇ ਆਪੇ ਦਾ ਵੀ। ਮਨ ਦੇ ਇਸ ਰੋਗ ਦੀ ਟੋਹ ਰਤਾ ਕੁ ਅੱਗੇ ਜਾ ਕੇ ਮਿਲਦੀ ਹੈ ਜਦੋਂ 'ਨਾਨਕ' ਨਾਂ ਦਾ ਮਸੀਹਾ ਆਪਣੇ ਰੋਗੀ ਦੀ ਹਾਲਤ ਉੱਤੇ ਤਰਸ ਖਾ ਕੇ ਉਸ ਦੇ ਕਲਿਆਣ ਲਈ ਸਰਬ-ਸ਼ਕਤੀਮਾਨ (ਹਰਿ) ਅੱਗੇ ਇਉਂ ਅਰਦਾਸ ਕਰਨ ਲੱਗ ਪੈਂਦਾ ਹੈ :

*ਬਲੁ ਛੁਟਕਿਓ ਬੰਧਨ ਪਰੇ*
*ਕਛੂ ਨ ਹੋਤਿ ਉਪਾਇ।*
*ਕਹੁ ਨਾਨਕ ਅਬ ਓਟ ਹਰਿ*
*ਗਜ ਜਿਉ ਹੋਹੁ ਸਹਾਇ॥*

(ਦੋਹਿਰਾ, ਸਲੋਕ ਮਹਲਾ ੯)

ਰੋਗ ਇਹ ਹੈ ਕਿ ਇੱਕ ਬਲਹੀਣ ਮਨੁੱਖ ਦੇ ਪੈਰੀਂ ਬੇੜੀਆਂ ਪੈ ਗਈਆਂ ਹਨ। ਫਿਰ ਇਹ ਰੋਗ ਮਨ ਦਾ ਕਿਵੇਂ ਹੋਇਆ? ਕੀ ਇਸ ਦਾ ਸਾਫ ਸਿੱਧਾ ਅਰਥ ਇਹ ਨਹੀਂ ਕਿ ਕਿਰਤੀ-ਕਿਸਾਨ (ਆਰਥਕ ਤੌਰ ਤੇ ਨਿਰਬਲ) ਵਰਗ ਨੂੰ ਜਗੀਰਦਾਰ ਵਰਗ (ਆਰਥਕ ਤੌਰ ਤੇ ਬਲਵਾਨ) ਨੇ ਲੁੱਟ (ਸ਼ੋਸਣ) ਦੀਆਂ ਬੇੜੀਆਂ ਪਾਈਆਂ ਹੋਈਆਂ ਹਨ ਜਾਂ ਹਾਕਮ ਸ਼੍ਰੇਣੀ ਨੇ ਨਿਮਾਣੀ ਨਿਤਾਣੀ ਜਨਤਾ ਨੂੰ ਬੇੜੀਆਂ ਪਾ ਕੇ ਜੇਲ੍ਹਾਂ ਵਿੱਚ ਸੁੱਟਿਆ ਹੋਇਆ ਹੈ ਤੇ ਉਨ੍ਹਾਂ ਦੀ ਬੰਦ-ਖਲਾਸ ਲਈ ਇਨਕਲਾਬ (ਹਰਿ) ਨੂੰ ਬੇਨਤੀ ਕੀਤੀ ਜਾ ਰਹੀ ਹੈ ਕਿ ਤੂੰ ਇਨ੍ਹਾਂ ਗਰੀਬਾਂ ਦੀ ਉਸੇ ਤਰ੍ਹਾਂ ਸਹਾਇਤਾ ਕਰ ਜਿਵੇਂ ਤੂੰ ਇੱਕ ਸਰਾਪੇ ਹੋਏ ਤੇ ਹਾਥੀ ਬਣੇ ਹੋਏ ਗਧੰਰਵ ਨੂੰ ਵਰੁਣ ਦੇ ਤਲਾਉ ਵਿੱਚੋਂ ਤੰਦੂਏ ਦੀ ਪਕੜ ਵਿੱਚੋਂ ਛੁਡਾਇਆ ਸੀ? ਨਹੀਂ ਜੀ, ਮੈਨੂੰ ਇਹ ਅਰਥ ਨਹੀਂ ਜਾਪਦਾ। ਕਿਸੇ ਕਾਵਿ-ਰਚਨਾ ਨੂੰ ਉਸ ਦੇ ਪ੍ਰਸੰਗ ਤੋਂ ਵੱਖ ਕਰਕੇ ਕੁਝ ਵੀ ਅਰਥ ਲਾਏ ਜਾ ਸਕਦੇ ਹਨ, ਪਰ ਸਹੀ ਅਰਥ ਉਹ ਹੋਣਗੇ ਜੋ ਕਵੀ ਦੀ ਸਮੁੱਚੀ ਰਚਨਾ ਦੇ ਪ੍ਰਸੰਗ ਵਿੱਚ ਕੀਤੇ ਜਾਣਗੇ। ਗੁਰੂ ਤੇਗ ਬਹਾਦਰ ਦੀ ਸਾਰੀ ਬਾਣੀ ਦੇ ਪਾਠ ਤੋਂ ਉਪਰਲੇ ਦੋਹਿਰੇ ਦਾ ਇਹੋ ਅਰਥ ਬਣਦਾ ਹੈ ਕਿ ਮਨੁੱਖ ਦਾ ਮਨੋਬਲ ਜਾਂ ਆਤਮਿਕ ਬਲ ਖੀਣ ਹੋ ਗਿਆ ਹੈ ਤੇ ਉਸ ਨੂੰ ਅਨੇਕ ਪ੍ਰਕਾਰ ਦੇ ਭੈ ਨੇ ਘੇਰ ਲਿਆ ਹੈ।

ਗੁਰੂ ਸਾਹਿਬ ਦੀ ਬਾਣੀ ਵਿੱਚ ਭੈ-ਗ੍ਰਸਤ ਮਨੁੱਖ ਦਾ ਜੋ ਚਿਤ੍ਰ ਮੈਨੂੰ ਨਜ਼ਰ ਆਇਆ ਹੈ ਉਹ ਇੱਕ ਵਿਅਕਤੀ (ਜਾਂ ਵਰਗ ਸੀਮਤ ਵਿਅਕਤੀ) ਦਾ ਨਹੀਂ, ਸਗੋਂ ਸਰਬ-ਸਾਧਾਰਣ ਮਨੁੱਖ (The man) ਜਾਂ ਪ੍ਰਾਣੀ ਦਾ ਹੈ। ਉਸ ਦੀ ਬਲਹੀਣਤਾ, ਗੁਰੂ ਸਾਹਿਬ ਦੀ ਦ੍ਰਿਸ਼ਟੀ ਵਿੱਚ, ਕੇਵਲ ਇੱਕ ਮਾਨਸਿਕ ਸਮੱਸਿਆ ਹੈ ਜੋ ਉਸ ਦੇ ਪ੍ਰਕ੍ਰਿਤੀ ਨਾਲੋਂ ਜਾਂ ਆਪਣੇ ਮੂਲ ਆਪੇ ਨਾਲੋਂ ਨਿਖੜ ਜਾਣ ਸਦਕਾ ਪੈਦਾ ਹੋਈ ਹੈ। ਉਸ ਦਾ ਸੰਕਟ ਧਾਰਮਿਕ ਵਿਜੋਗ (Religious alienation) ਦਾ ਸੰਕਟ ਹੈ। ਪਰ ਇਸ ਦਾ ਅਰਥ ਇਹ ਨਹੀਂ ਕਿ ਗੁਰੂ ਸਾਹਿਬ ਆਪਣੇ ਸਮੇਂ ਦੀ ਸਮਾਜਕ ਹਾਲਤ ਤੋਂ ਬੇਮੁਖ ਸਨ ਅਤੇ ਉਸ ਵੇਲੇ ਦੇ ਕਿਸੇ ਵਰਗ ਦਾ ਚਿਤ੍ਰ ਉਨ੍ਹਾਂ ਦੀ ਬਾਣੀ ਵਿੱਚੋਂ ਮਿਲਦਾ ਹੀ ਨਹੀਂ। ਮਿਲਦਾ ਹੈ, ਪਰ ਇਹ ਚਿਤ੍ਰ ਉਸ ਵੇਲੇ ਦੇ ਉਨ੍ਹਾਂ ਕਰਮਚਾਰੀਆਂ, ਪੁਜਾਰੀਆਂ, ਪ੍ਰਚਾਰਕਾਂ, ਗਿਆਨੀਆਂ ਤੇ ਬੁੱਧੀ-ਜੀਵੀਆਂ ਦਾ ਹੈ ਜਿਹੜੇ ਇੱਕ ਪਾਸੇ ਤਾਂ ਆਪਣੇ ਪੰਡਤਾਊਪੁਣੇ ਦੇ ਹੰਕਾਰ ਵਿੱਚ ਆਮ ਲੋਕਾਂ ਨਾਲੋਂ ਨਿਖੜ ਗਏ ਸਨ ਤੇ ਦੂਜੇ ਪਾਸੇ ਮੁਗਲ ਸਾਮਰਾਜ ਦੇ ਬਸਤੀਵਾਦੀ ਦਾਬੇ ਅਤੇ ਮਜ਼ਬੀ ਕੱਟੜਤਾ ਦਾ ਸ਼ਿਕਾਰ ਹੋ ਕੇ ਜਾਂ ਤਾਂ ਰਾਜ-ਸੱਤਾ ਨਾਲੋਂ ਬਿਲਕੁਲ ਟੁੱਟ ਗਏ ਸਨ ਤੇ ਜਾਂ ਫਿਰ ਝੋਲੀਚੁੱਕ ਬਣ ਗਏ ਸਨ। ਭਾਰਤੀ ਬ੍ਰਾਹਮਣ (ਅਖੌਤੀ ਬੁੱਧੀ ਜੀਵੀ) ਸ਼ਾਇਦ ਸੰਪਤੀ ਰਹਿਤ ਹੋਣ ਕਰ ਕੇ ਉਂਜ ਤਾਂ ਹਮੇਸ਼ਾਂ ਹੀ ਚੁਸਤੀ-ਚਾਲਾਕੀ ਤੋਂ ਕੰਮ ਲੈਂਦਾ ਰਿਹਾ ਹੈ, ਪਰ ਗੁਰੂ ਸਾਹਿਬ ਦੇ ਵੇਲੇ ਤਾਂ ਇਸ ਗਰੀਬ ਦੀ ਹਾਲਤ ਬਹੁਤ ਹੀ ਤਰਸਯੋਗ ਸੀ।

*੧ ਲੋਭ ਗ੍ਰਸਿਓ ਦਸਹੂ ਦਿਸ ਧਾਵਤ*
*ਆਸਾ ਲਾਗਿਓ ਧਨ ਕੀ।*

*ਸੁਖ ਕੈ ਹੇਤ ਬਹੁਤੁ ਦੁਖੁ ਪਾਵਤ*
*ਸੇਵ ਕਰਤ ਜਨ ਜਨ ਕੀ।*
*ਦੁਆਰਹਿ ਦੁਆਰਿ ਸੁਆਨ ਜਿਉ ਡੋਲਤ*
*ਨਹ ਸੁਧ ਰਾਮ ਭਜਨ ਕੀ।*
*ਮਾਨਸ ਜਨਮ ਅਕਾਰਥ ਖੋਵਤ*
*ਲਾਜ ਨ ਲੋਕ ਹਸਨ ਕੀ।*

(ਰਾਗ ਆਸਾ)

*੨. ਕਰਿ ਪਰਪੰਚੁ ਜਗਤ ਕਉ ਡਹਕੈ*
*ਅਪਨੋ ਉਦਰੁ ਭਰੈ।*
*ਸੁਆਨ ਪੂਛ ਜਿਉ ਹੋਇ ਨ ਸੂਧੋ*
*ਕਹਿਓ ਨ ਕਾਨ ਧਰੈ।*

(ਰਾਗ ਦੇਵਗੰਧਾਰੀ)

*੩. ਸਾਚ ਛਾਡਿ ਕੈ ਝੂਠਹ ਲਾਗਿਓ*
*ਜਨਮੁ ਅਕਾਰਥ ਖੋਇਓ।*
*ਕਰਿ ਪਰਪੰਚੁ ਉਦਰ ਨਿਜ ਪੋਖਿਓ*
*ਪਸੁ ਕੀ ਨਿਆਈ ਸੋਇਓ।*

(ਰਾਗ ਬਿਹਾਗੜਾ)

*੪. ਜਾਨਿ ਬੂਝਿ ਕੈ ਬਾਵਰੇ*
*ਤੈ ਕਾਜੁ ਬਿਗਾਰਿਓ।*
*ਪਾਪ ਕਰਤ ਸੁਕਚਿਓ ਨਹੀ*
*ਨਹ ਗਰਬੁ ਨਿਵਾਰਿਓ।*

(ਰਾਗ ਤਿਲੰਗ)

ਇਨ੍ਹਾਂ ਸਤਰਾਂ ਦਾ ਪਾਠ ਕਰਦੇ ਸਮੇਂ ਮੈਂ ਆਪਣੇ ਆਪ ਨੂੰ ਪੁੱਛਦਾ ਰਿਹਾ ਹਾਂ "ਇਹ ਕੌਣ ਹੈ ਜੋ ਧਨ ਦੇ ਲਾਲਚ ਵਿੱਚ, ਸੁਖੀ ਹੋਣ ਦੀ ਲਾਲਸਾ ਵਿੱਚ, ਕੁੱਤੇ ਵਾਂਗ ਦਰ ਦਰ ਭਟਕਦਾ, ਹਰ ਕਿਸੇ ਦੇ ਪੈਰ ਚੱਟਦਾ, ਪੂਛ ਹਿਲਾਉਂਦਾ, ਦੁਖੀ ਹੁੰਦਾ ਤੇ ਜੱਗ-ਹਸਾਈ ਦਾ ਕੇਂਦਰ ਬਣਿਆ ਆਪਦੇ ਮਨੁੱਖੀ ਜਨਮ ਨੂੰ ਬੇਅਰਥ ਗੁਆ ਰਿਹਾ ਹੈ? ਇਹ ਕੌਣ ਹੈ ਜੋ ਚੁਸਤੀਆਂ ਚਾਲਾਕੀਆਂ ਨਾਲ ਸਿੱਧੇ ਸਾਦੇ ਲੋਕਾਂ ਨੂੰ ਠਗ ਕੇ ਆਪਣਾ ਪੇਟ ਪਾਲਦਾ ਹੈ ਤੇ ਅੰਦਰੋਂ ਕੁੱਤੇ ਦੀ ਪੂਛ ਵਾਂਗ ਵਿੰਗਾ ਹੈ ਤੇ ਜਿਸ ਉੱਤੇ ਕੋਈ ਸਿੱਖਿਆ ਅਸਰ ਨਹੀਂ ਕਰਦੀ? ਇਹ ਕੌਣ ਹੈ ਜੋ ਝੂਠ ਨੂੰ ਸੱਚ ਬਣਾ ਬਣਾ ਕੇ ਆਪਣਾ ਪੇਟ ਭਰਦਾ ਹੈ ਤੇ ਪਸ਼ੂ ਵਾਂਗ ਸੁੱਤਾ ਰਹਿੰਦਾ ਹੈ? ਇਹ ਕੌਣ ਹੈ ਜੋ ਜਾਣ ਬੁਝ ਕੇ ਆਪਣਾ ਕੰਮ ਵਿਗਾੜਦਾ ਹੈ, ਪਾਪ ਕਰਨ ਲਗਿਆਂ ਸੰਕੋਚ ਨਹੀਂ ਕਰਦਾ ਤੇ ਹੰਕਾਰ ਵਿੱਚ ਰਹਿੰਦਾ ਹੈ।"

ਅੱਜ ਵੀ ਮੈਨੂੰ ਇਨ੍ਹਾਂ ਪ੍ਰਸ਼ਨਾਂ ਦਾ ਉੱਤਰ ਆਪਣੇ ਅੰਦਰੋਂ ਇਹੋ ਮਿਲਦਾ ਹੈ, "ਇਹ ਮੈਂ ਹਾਂ- ਮੈਂ ਜੋ ਇੱਕ ਪ੍ਰੋਫੈਸਰ, ਮਾਸਟਰ, ਅਧਿਆਪਕ, ਡਾਕਟਰ, ਲੈਕਚਰਰ, ਵਕੀਲ, ਅਫ਼ਸਰ ਅਰਥਾਤ ਮੱਧ ਤਬਕੇ ਦਾ ਇੱਕ ਵਿਅਕਤੀ ਹਾਂ, ਤੇ ਜਿਸ ਦਾ ਕੰਮ ਹੈ ਆਪਣੇ ਦੇਸ਼ ਦੀ ੭੫% ਅਨਪੜ੍ਹ, ਅਧਖੜ੍ਹ, ਅਗਿਆਨੀ, ਅੰਧੀ ਰਈਅਤ ਨੂੰ ਬੁੱਧੂ ਬਣਾਉਣਾ, ਡਰਾਉਣਾ, ਧਮਕਾਉਣਾ ਤੇ ਆਪਣੇ ਤੋਂ ਹੇਠਲੇ ਕਰਮਚਾਰੀਆਂ ਨੂੰ ਦਬਾਉਣਾ ਤੇ ਆਪ ਤੋਂ ਉਪਰਲਿਆਂ ਤੋਂ ਦਬ ਕੇ ਰਹਿਣਾ। ਇਸ ਨਾਲ ਆਮ ਜਨਤਾ ਦਾ ਤਾਂ ਜੋ ਕੁਝ ਵਿਗੜਦਾ ਹੈ, ਵਿਗੜਦਾ ਹੀ ਹੈ, ਪਰ ਮੈਂ ਆਪ ਆਪਣੀ ਸ਼ਕਤੀ ਤੋਂ ਪਿੱਠ ਮੋੜ ਕੇ, ਆਪਣੇ ਮੂਲ ਆਪੇ ਤੋਂ ਟੁੱਟ ਕੇ ਇਕੱਲਤਾ ਵਿੱਚ ਗ੍ਰੀਮਿਆਂ ਹਰ ਸਮੇਂ ਡਰ, ਭੈ, ਤ੍ਰਾਸ, ਸ਼ੰਕੇ ਤੇ ਵਿਸ਼ਾਦ ਦੇ ਬੰਧਨ ਹੰਢਾਉਂਦਾ ਹਾਂ।"

ਇਸ ਤਰ੍ਹਾਂ ਇਹ ਬਾਣੀ ਉਸ ਸਮੇਂ ਦੇ ਅਖੌਤੀ ਬੁੱਧੀ-ਜੀਵੀਆਂ ਦਾ ਇੱਕ ਚਿਤ੍ਰ ਪੇਸ਼ ਕਰਦੀ ਹੈ ਤੇ ਅੱਜ ਦੇ ਯੁੱਗ ਵਿੱਚ ਵੀ ਇਹ ਚਿਤ੍ਰ ਇਸ ਦੀ ਸਮਾਜਿਕ ਸਾਰਥਿਕਤਾ (ਇਸ ਬਾਣੀ ਦੀ ਅਧਿਆਤਮਕ ਸਾਰਥਿਕਤਾ ਦੀ ਗੱਲ ਕਰਨੀ ਮੇਰੇ ਵਸ ਤੋਂ ਬਾਹਰ ਹੈ) ਦਾ ਜ਼ਿੰਮੇਵਾਰ ਹੈ। ਬੁੱਧੀ-ਜੀਵੀ (ਗਿਆਨੀ) ਨਾਲ ਮੈਂ 'ਅਖੌਤੀ' ਵਿਸ਼ੇਸ਼ਣ ਦੀ ਵਰਤੋਂ ਕਰ ਰਿਹਾ ਹਾਂ ਕਿਉਂਕਿ ਗੁਰੂ ਸਾਹਿਬ ਨੇ ਕੇਵਲ ਅਖੌਤੀ ਗਿਆਨੀਆਂ ਦਾ ਚਿਤ੍ਰ ਹੀ ਪੇਸ਼ ਨਹੀਂ ਕੀਤਾ, ਸਗੋਂ ਅਸਲ ਗਿਆਨੀ ਦੀ ਪਰਿਭਾਸ਼ਾ ਵੀ ਆਪ ਹੀ ਨਿਸਚਿਤ ਕਰ ਦਿੱਤੀ ਹੈ:

*ਭੈ ਕਾਹੂ ਕਉ ਦੇਤ ਨਹਿ*
*ਨਹਿ ਭੈ ਮਾਨਤ ਆਨ।*
*ਕਹੁ ਨਾਨਕ ਸੁਨੁ ਰੇ ਮਨਾ*
*ਗਿਆਨੀ ਤਾਹਿ ਬਖਾਨਿ।*

(ਸਲੋਕ ਮਹਲਾ ੯)

(ਗਿਆਨੀ ਉਹ ਹੈ ਜੋ ਨਾ ਕਿਸੇ ਨੂੰ ਡਰਾਉਂਦਾ ਹੈ ਤੇ ਨਾ ਕਿਸੇ ਤੋਂ ਡਰਦਾ ਹੈ, ਅਰਥਾਤ ਜੋ ਨਾ ਹੇਠਲਿਆਂ ਨੂੰ ਡਰਾਉਂਦਾ ਹੈ ਤੇ ਨਾ ਉਪਰਲਿਆਂ ਤੋਂ ਡਰਦਾ ਹੈ।)

ਉਪਰੋਕਤ ਚਰਚਾ ਦੇ ਪ੍ਰਸੰਗ ਵਿੱਚ ਇਸ ਸਲੋਕ ਦਾ ਭਾਵ-ਅਰਥ ਇਹ ਲਿਆ ਜਾ ਸਕਦਾ ਹੈ ਕਿ ਮੱਧ ਤਬਕਿਆਂ ਦੇ ਵਿਅਕਤੀ ਜੇ ਆਮ ਲੋਕ-ਸਮੂਹ ਨਾਲ ਜੁੜ ਜਾਣ ਤਾਂ ਉਨ੍ਹਾਂ ਦੀ ਇੱਕਲਤਾ (alienation) ਖ਼ਤਮ ਹੋ ਜਾਵੇਗੀ ਅਤੇ ਉਹ ਨਿਰਭੈ ਤੇ ਬਲਵਾਨ ਹੋ

ਜਾਣਗੇ। ਪਰ ਸਵਾਲ ਇਹ ਹੈ ਕਿ ਜੇ ਉਹ ਉਪਰਲੀ ਸ਼੍ਰੇਣੀ ਜਾਂ ਹਾਕਮਵਰਗ ਨਾਲ ਜਾ ਜੁੜਨ ਕੀ ਫੇਰ ਵੀ ਉਨ੍ਹਾਂ ਦੀ ਇਕੱਲਤਾ, ਭੈ, ਤ੍ਰਾਸ ਤੇ ਨਿਰਬਲਤਾ ਮਿਟ ਸਕਦੀ ਹੈ? ਹਾਂ, ਮਿਟ ਸਕਦੀ ਹੈ, ਪਰ ਨਹੀਂ ਵੀ ਮਿਟ ਸਕਦੀ ਕਿਉਂਕਿ ਇੱਕ ਤਾਂ ਉਨ੍ਹਾਂ ਦੀ ਆਰਥਿਕ ਤੇ ਰਾਜਨੀਤਕ ਸਥਿਤੀ ਅਜਿਹੀ ਹੈ ਕਿ ਉਹ ਉਪਰਲੇ ਵਰਗ ਦੇ ਬਰਾਬਰ ਨਹੀਂ ਹੋ ਸਕਦੇ, ਉਸ ਵਰਗ ਦੇ ਨੇੜੇ ਹੋ ਕੇ ਵੀ ਉਹ ਉਸਦੇ ਝੋਲੀ-ਚੁੱਕ ਹੀ ਰਹਿਣਗੇ, ਅਸਲੀਅਤ ਵਿੱਚ ਨੇੜੇ ਨਹੀਂ ਹੋਣਗੇ। ਦੂਜੇ, ਉਪਰਲੇ ਵਰਗ (ਉਸ ਸਮੇਂ ਜਗੀਰਦਾਰ ਅਤੇ ਹਾਕਮ ਵਰਗ ਅੱਜ ਦੇ ਸਮੇਂ ਸਰਮਾਇਦਾਰ ਤੇ ਹਾਕਮ ਵਰਗ) ਨਾਲ ਜੁੜ ਕੇ ਉਹ "ਭੈ ਕਾਹੂ ਕੋ ਦੇਤ ਨਹਿ" ਵਾਲੀ ਸ਼ਰਤ ਪੂਰੀ ਨਹੀਂ ਕਰ ਸਕਣਗੇ, ਹੇਠਲਿਆਂ ਨੂੰ ਸਗੋਂ ਹੋਰ ਡਰਾਉਣਗੇ।

ਇੱਕ ਦੋਸਤ ਕਹਿੰਦਾ ਹੈ ਕਿ ਇਹ ਤਾਂ ਠੀਕ ਹੈ ਕਿ ਮੱਧ ਤਬਕੇ ਦਾ ਕੋਈ ਵਿਅਕਤੀ ਧਨ ਦਾ ਲਾਲਚ ਤਿਆਗ ਕੇ ਤੇ ਹੇਠਲੇ ਵਰਗ (ਮਜ਼ਦੂਰ ਆਦਿ) ਦੇ ਬਰਾਬਰ ਹੋ ਕੇ, ਸਮੂਹ ਵਿੱਚ ਰਲ ਕੇ ਵਧੇਰੇ ਸ਼ਕਤੀਸਾਲੀ ਤੇ ਨਿਰਭੈ ਹੋ ਜਾਵੇਗਾ, ਪਰ ਫੇਰ ਉਹ ਉਪਰਲੇ ਵਰਗ ਨੂੰ ਡਰਾਉਣ ਲਗ ਜਾਵੇਗਾ, ਉਸ ਦੀ ਗੱਲ ਦਾ ਮੋੜ ਦੇਣ ਲਈ ਜਦੋਂ ਮੈਂ ਮੁੜ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੇ ਇਕਾਗਰ ਅਧਿਐਨ ਦੀ ਓਟ ਲੈਂਦਾ, ਹਾਂ ਤਾਂ ਮੈਨੂੰ ਜਾਪਦਾ ਹੈ ਕਿ ਗੁਰੂ ਸਾਹਿਬ ਦੀ ਬਾਣੀ ਵਿਚਲੇ 'ਭੈ' ਤੇ 'ਗਿਆਨ' ਅਤੇ 'ਬੰਧਨ' ਤੇ 'ਬਲ' ਦੇ ਸੰਕਲਪਾਂ ਨੂੰ ਸਮਝਣ ਲਈ ਸਮਾਜ-ਵਿਗਿਆਨ ਵਿਧੀਆਂ ਨਾਲੋਂ ਮਨੋਵਿਗਿਆਨ ਵਿਧੀਆਂ ਸ਼ਾਇਦ ਵਧੇਰੇ ਸਹਾਇਕ ਹੋ ਸਕਦੀਆਂ ਹਨ। ਇਸ ਗੱਲੋਂ ਮੈਂ ਚੇਤੰਨ ਹਾਂ ਕਿ ਮਨੋਵਿਗਿਆਨ ਨੂੰ ਵੀ ਸਮਾਜ-ਵਿਗਿਆਨ ਤੋਂ ਅਲਹਿਦਾ ਕਰਕੇ ਲਾਗੂ ਨਹੀਂ ਕੀਤਾ ਜਾ ਸਕਦਾ। ਮਨੋ ਵਿਗਿਆਨੀਆਂ (ਫਰਾਇਡ ਆਦਿ) ਤੇ ਮਨੋਵਿਗਿਆਨੀ ਸਾਹਿਤਾਲੋਚਕਾਂ (ਅਰਸਤੂ, ਆਈ. ਏ. ਰਿਚਰਡਜ਼ ਆਦਿ) ਨੇ 'ਭੈ' ਨੂੰ ਕੁੰਠਾ (supression) ਤੇ 'ਬਲ' ਨੂੰ ਮਨੋਬਲ ਜਾਂ ਮਨੋਬ੍ਰਿਤੀਆਂ ਦੇ ਸੰਤੁਲਨ ਦਾ ਨਾਂ ਦਿੱਤਾ ਹੈ ਤਾਂ ਸਮਾਜ ਵਿਗਿਆਨੀਆਂ ਨੇ ਵੀ 'ਬਲ' ਨੂੰ ਮਨੋਰਥ ਜਾਂ ਮਨੋਬਿਤ੍ਰੀਆਂ ਦੇ ਸੰਤੁਲਨ ਦਾ ਨਾਂ ਦਿੱਤਾ ਹੈ ਤਾਂ ਸਮਾਜ ਵਿਗਿਆਨੀਆਂ ਨੇ ਵੀ 'ਬਲ' (power) ਨੂੰ ਇੱਕ ਬੁਨਿਆਦੀ ਸੰਕਲਪ ਵਜੋਂ ਸਮਝਿਆ-ਵਿਚਾਰਿਆ ਹੈ ਤੇ ਬ੍ਰਟਰੈਂਡ ਰਸਲ ਦੇ ਸ਼ਬਦਾਂ ਵਿੱਚ 'ਬਲ' ਦੇ ਸੰਕਲਪ ਦਾ ਸਮਾਜ ਵਿਗਿਆਨ ਵਿੱਚ ਉਹੀ ਅਰਥ ਹੈ ਜੋ ਭੌਤਿਕਵਿਗਿਆਨ ਵਿੱਚ ਊਰਜਾ (energy) ਜਾਂ ਸ਼ਕਤੀ ਦਾ। ਊਰਜਾ ਵਾਂਗ ਹੀ ਬਲ ਦੇ ਵੀ ਕਈ ਰੂਪ ਹੋ ਸਕਦੇ ਹਨ। ਜਿਵੇਂ ਦੌਲਤ, ਹਥਿਆਰ, ਰਾਜ਼ਸੱਤਾ ਤੇ ਪ੍ਰਾਪੇਗੰਡਾ।

(*Russel, Bertrand, Power, London, Seventh Impression, 1957, PP 10,11*

"...the fundamental concept in social science is Power, in the same sense in which Energy is the fundamental concept in Physics. Like energy power has many forms, such as wealth, armaments, civil authority, influence on opinion.")

ਪਰ ਗੁਰੂ ਸਾਹਿਬ ਦਾ 'ਬਲ' ਦਾ ਸੰਕਲਪ ਨਾ ਦੌਲਤ (ਸੰਪਤੀਬਲ) ਦਾ ਹੈ, ਨਾ ਹਥਿਆਰਾਂ ਤੇ ਰਾਜਸੱਤਾ (ਬਾਹੂ ਬਲ) ਦਾ ਤੇ ਨਾ ਹੀ ਪ੍ਰਾਪੇਗੰਡੇ (ਬੁੱਧ ਬੱਲ) ਦਾ। ਉਨ੍ਹਾਂ ਦਾ ਸੰਕਲਪ ਅਜਿਹੇ ਆਤਮਬਲ (ਮਨੋਬਲ) ਦਾ ਹੈ ਜੋ ਤਪ ਤੇ ਤਿਆਗ ਵਿੱਚੋਂ ਉਤਪੰਨ ਹੁੰਦਾ ਹੈ। ਇਸ ਦਾ ਪ੍ਰਮਾਣ ਇਹ ਹੈ ਕਿ ਉਨ੍ਹਾਂ ਦੀ ਬਾਣੀ ਵਿੱਚ 'ਸੰਪਤੀ-ਬਲ', 'ਬਾਹੂ ਬਲ' ਤੇ ਮਨੋਬਲ-ਰਹਿਤ 'ਬੁੱਧ ਬਲ' (ਨਿਰੇ ਗਿਆਨ ਜਾਂ ਅਖੌਤੀ ਗਿਆਨ) ਦਾ ਭਰਪੂਰ ਖੰਡਨ ਹੋਇਆ ਹੈ। ਉਨ੍ਹਾਂ ਦੀ ਦ੍ਰਿਸ਼ਟੀ ਵਿੱਚ ਇਹ ਤਿੰਨੇ ਕਿਸਮ ਦਾ ਬਲ ਅਸਲ ਵਿੱਚ ਮਨੁੱਖ ਦੀ ਸ਼ਕਤੀ ਨਹੀਂ, ਸਗੋਂ ਉਸ ਦਾ ਬੰਧਨ ਹੈ। ਸ਼ਕਤੀ ਉਹ ਹੈ ਜੋ ਬੰਦੇ ਨੂੰ ਬੰਧਨ-ਮੁਕਤ ਕਰੇ, ਪਰ ਮਾਇਆ ਦਾ ਮੋਹ, ਬਾਹਾਂ ਦਾ ਗਰਬ ਤੇ ਬੁੱਧੀ ਦਾ ਹੰਕਾਰ ਤਾਂ ਆਪ ਅਜਿਹੇ ਬੰਧਨ ਹਨ ਜਿਨ੍ਹਾਂ ਦੀ ਸ਼ਕਤੀ ਦੇ ਭਰਮ ਵਿੱਚ ਮਨੁੱਖ ਸਗੋਂ ਇਨ੍ਹਾਂ ਦਾ ਗੁਲਾਮ ਹੋ ਗਿਆ ਹੈ।

ਸੰਪਤੀ-ਬਲ ਦੇ ਦਾਸਾਂ ਲਈ ਗੁਰੂ ਸਾਹਿਬ ਦਾ ਉਪਦੇਸ਼ ਹੈ:

*੧. ਨਿਸਿ ਦਿਨੁ ਮਾਇਆ ਕਾਰਨੇ*
*ਪ੍ਰਾਨੀ ਡੋਲਤ ਨੀਤ।*
*ਕੋਟਨ ਮਹਿ ਨਾਨਕ ਕੋਊ*
*ਨਾਰਾਇਣ ਜਿਹ ਚੀਤਿ।*

*੨. ਪ੍ਰਾਨੀ ਕਛੂ ਨ ਚੇਤਈ*
*ਮਦਿ ਮਾਇਆ ਕੈ ਅੰਧ।*
*ਕਹੁ ਨਾਨਕ ਬਿਨੁ ਹਰਿ ਭਜਨ*
*ਪਰਤ ਤਾਹਿ ਜਮ ਫੰਧ।*

*੩. ਮਾਇਆ ਕਾਰਨਿ ਧਾਵਹੀ*

ਮੂਰਖ ਲੋਗ ਅਜਾਨ।
ਕਹੁ ਨਾਨਕ ਬਿਨੁ ਹਰਿ ਭਜਨਿ
ਬਿਰਥਾ ਜਨਮੁ ਸਿਰਾਨ।

੪. ਮਨੁ ਮਾਇਆ ਮਹਿ ਫਧਿ ਰਹਿਓ
ਬਿਸਰਿਓ ਗੋਬਿੰਦ ਨਾਮ
ਕਹੁ ਨਾਨਕ ਬਿਨ ਹਰਿ ਭਜਨ
ਜੀਵਨ ਕਉਨੇ ਕਾਮ।

੫. ਮਨੁ ਮਾਇਆ ਮੈ ਰਮਿ ਰਹਿਓ
ਨਿਕਸਤ ਨਾਹਿਨ ਮੀਤ।
ਨਾਨਕ ਮੂਰਤਿ ਚਿਤ੍ਰ ਜਿਉ
ਛਾਡਤਿ ਨਾਹਿਨ ਭੀਤਿ।

(ਸਲੋਕ ਮਹਲਾ ੯)

੬. ਜੋ ਜੋ ਕਰਮ ਕੀਓ ਲਾਲਚ ਲਗਿ
ਤਿਹ ਤਿਹ ਆਪੁ ਬੰਧਾਇਓ॥

(ਜੈਤਸਰੀ)

ਆਪਣੇ ਬਾਹੂ ਬਲ ਤੇ ਸਾਕਾਂ ਸਬੰਧੀਆਂ ਦੀ ਸਰੀਰਕ ਸ਼ਕਤੀ ਦਾ ਗਰਬ ਕਰਨ ਵਾਲਿਆਂ ਨੂੰ ਸਮਝਾਉਂਦਿਆਂ ਕਿਹਾ ਗਿਆ ਹੈ:

੧. ਗਰਬ ਕਰਤ ਹੈ ਦੇਹ ਕੋ
ਬਿਨਸੈ ਛਿਨ ਮੈ ਮੀਤ।
ਜਿਹਿ ਪ੍ਰਾਨੀ ਹਰਿ ਜਸੁ ਕਹਿਓ
ਨਾਨਕ ਤਿਹਿ ਜਗੁ ਜੀਤ।

੨. ਨਿਜ ਕਰਿ ਦੇਖਿਓ ਜਗਤ ਮੈ
ਕੋ ਕਾਹੂ ਕੋ ਨਾਹਿ।
ਨਾਨਕ ਥਿਰੁ ਹਰਿ ਭਗਤਿ ਹੈ
ਤਿਹ ਰਾਖਹੁ ਮਨਿ ਮਾਹਿ।

੩. ਰਾਮੁ ਗਇਓ ਰਾਵਨੁ ਗਇਓ
ਜਾਂ ਕਉ ਬਹੁ ਪਰਿਵਾਰੁ।
ਕਹੁ ਨਾਨਕ ਥਿਰੁ ਕਛੁ ਨਹੀਂ
ਸੁਪਨੇ ਜਿਉ ਸੰਸਾਰੁ।

੪. ਸੰਗ ਸਖਾ ਸਭਿ ਤਜਿ ਗਏ
ਕੋਊ ਨ ਨਿਬਹਿ ਸਾਥਿ।
ਕਹੁ ਨਾਨਕ ਇਹ ਬਿਪਤਿ ਮੈ
ਟੇਕ ਏਕ ਰਘੁਨਾਥ।

(ਸਲੋਕ ਮਹਲਾ ੯)

੫. ਜਗਤ ਮੈ ਝੂਠੀ ਦੇਖੀ ਪ੍ਰੀਤਿ।
ਅਪਨੇ ਹੀ ਸੁਖ ਸਿਉ ਸਭ ਲਾਗੇ
ਕਿਆ ਦਾਰਾ ਕਿਆ ਮੀਤ।
ਮੇਰਿਓ ਮੇਰਿਓ ਸਭੈ ਕਹਤ ਹੈ
ਹਿਤ ਸਿਉ ਬਾਧਿਓ ਚੀਤ।

(ਰਾਗ ਦੇਵਗੰਧਾਰੀ)

ਬੁੱਧ-ਬਲ ਨਾਲ ਠੱਗੀਆਂ-ਠੋਰੀਆਂ ਕਰਨ ਵਾਲੇ ਨੂੰ ਤਾਂ ਗੁਰੂ ਸਾਹਿਬ ਜਿਵੇਂ ਕਹਿ ਰਹੇ ਹੋਣ - ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ।

੧. ਜਤਨ ਬਹੁਤੁ ਮੈ ਕਰਿ ਰਹਿਓ
ਮਿਟਿਓ ਨ ਮਨ ਕੋ ਮਾਨੁ।
ਦੁਰਮਤਿ ਸਿਉ ਨਾਨਕ ਫਧਿਓ
ਰਾਖਿ ਲੇਹੁ ਭਗਵਾਨ।

੨. ਨਰ ਚਾਹਤ ਕਛੁ ਅਉਰ
ਅਉਰੈ ਕੀ ਅਉਰੈ ਭਈ।
ਚਿਤਵਤ ਰਹਿਓ ਠਗਉਰ
ਨਾਨਕ ਫਾਸੀ ਗਲਿ ਪਰੀ।

(ਸਲੋਕ ਮਹਲਾ ੯)

ਉਪਰ ਦਿੱਤੇ ਹਵਾਲਿਆਂ ਦੇ ਜਿੱਥੇ ਨਿਰੋਲ ਸਮਾਜ-ਵਿਗਿਆਨਕ ਪਹੁੰਚ ਵਾਲੇ ਚਿੰਤਕ ਇਹ ਅਰਥ ਕਰਨਗੇ ਕਿ ਗੁਰੂ ਸਾਹਿਬ ਦੀ ਬਾਣੀ ਵਿੱਚ 'ਦੌਲਤ', 'ਸਰੀਰਕ ਬਲ' ਤੇ 'ਖੋਟੀ ਮੱਤ' ਦਾ ਖੰਡਨ ਟੇਢੇ ਢੰਗ ਨਾਲ ਦੌਲਤਮੰਦ ਤੇ ਹਾਕਮ ਸ਼੍ਰੇਣੀ ਦਾ ਹੀ ਖੰਡਨ ਹੈ ਉੱਥੇ ਨਿਰੋਲ ਅਧਿਆਤਮਕ (ਧਾਰਮਿਕ, ਰਹੱਸਵਾਦੀ) ਵਿਚਾਰਧਾਰਾਵਾਂ ਨੂੰ ਅਪਣਾਉਣ ਵਾਲੇ ਵਿਦਵਾਨ ਇਹ ਕਹਿਣਗੇ ਕਿ ਗੁਰੂ ਸਾਹਿਬ ਨੇ ਸੰਸਾਰ ਨੂੰ ਸੁਪਨਾ, ਜਗਤ ਨੂੰ ਮਾਇਆ, ਸਰੀਰ ਨੂੰ ਛਿਣਭੰਗਰ, ਦੌਲਤ ਨੂੰ ਪਰਾਈ ਵਸਤ (ਇਨ ਮੈ ਕਛੁ ਤੇਰੋ ਨਹੀ) ਤੇ 'ਥਿਰ ਕਿਛ ਨਹੀ' ਕਹਿ ਕੇ ਮਨੁੱਖ ਨੂੰ ਮੌਤ ਯਾਦ ਕਰਵਾਈ ਹੈ ਤੇ ਜਮਾਂ ਦਾ ਡਰ ਦੇ ਕੇ ਉਸ ਨੂੰ ਨੇਕੀ ਤੇ ਰੱਬ ਦੀ ਬੰਦਗੀ ਲਈ ਪ੍ਰੇਰਿਆ ਹੈ। ਪਰ ਇਹ ਦੋਵੇਂ ਮੱਤ ਆਪੋ ਆਪਣੀ ਥਾਂ ਠੀਕ ਹੁੰਦੇ ਹੋਏ ਵੀ, ਗਲਤ ਹਨ ਕਿਉਂਕਿ ਦੋਹਾਂ ਤਰ੍ਹਾਂ ਦੇ ਵਿਚਾਰਕਾਂ ਨੇ ਗੁਰੂ ਸਾਹਿਬ ਦੇ ਉਪਦੇਸ਼ ਦੀ ਸਮੁੱਚਤਾ ਨੂੰ ਅਣਡਿੱਠ ਕਰ ਦਿੱਤਾ ਹੈ। ਮੈਂ ਇਸ ਸਮੁੱਚਤਾ ਨੂੰ ਪਕੜਨ ਦਾ ਦਾਅਵਾ ਨਹੀਂ ਕਰਦਾ, ਪਰ ਇਸ ਨੂੰ ਪਛਾਣਨ ਦਾ ਉਪਰਾਲਾ ਜ਼ਰੂਰ ਕਰ ਰਿਹਾ ਹਾਂ ਅਤੇ ਜਿਵੇਂ ਇਸ ਲੇਖ ਦੇ ਆਰੰਭ ਵਿੱਚ ਹੀ ਸਮਾਜਵਿਗਿਆਨਕ ਪਹੁੰਚ ਨਾਲ ਆਪਣੀ ਅਸੰਮਤੀ

ਪ੍ਰਗਟ ਕਰ ਆਇਆ ਹਾਂ ਉਸ ਤਰ੍ਹਾਂ 'ਜਮਾਂ ਦੇ ਡਰ' ਦਾ ਸਿਧਾਂਤ ਲਾਗੂ ਕਰਨ ਵਾਲੇ ਬਜ਼ੁਰਗਾਂ ਨੂੰ ਵੀ ਮੇਰੀ ਬੇਨਤੀ ਹੈ ਕਿ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚੋਂ ਬੋਲਦੇ ਉਪਦੇਸ਼ਕ ਦੇ ਸਾਹਮਣੇ ਪ੍ਰਮੁੱਖ ਸਮੱਸਿਆ ਹੈ: ਮਨੁੱਖ ਦਾ ਬੰਧਨ, ਭੈ, ਡਰ ਜਾਂ ਤ੍ਰਾਸ ਅਤੇ ਇਸ ਤ੍ਰਾਸ ਵਿੱਚ 'ਜਮ ਦਾ ਤ੍ਰਾਸ' ਵੀ ਸ਼ਾਮਲ ਹੈ:

*ਪ੍ਰਾਨੀ ਕਉਨੁ ਉਪਾਉ ਕਰੈ*
*ਜਾ ਤੇ ਭਗਤਿ ਰਾਮ ਕੀ ਪਾਵੈ*
*ਜਮ ਕੋ ਤ੍ਰਾਸ ਹਰੈ।*

(ਰਾਗ ਸੋਰਠਿ)

*ਮਹਾ ਪਤਿਤ ਮੁਗਧ ਲੋਭੀ ਫੁਨਿ*
*ਕਰਤ ਪਾਪ ਅਬ ਹਾਰਾ।*
*ਭੈ ਮਰਬੇ ਕੋ ਬਿਸਰਤ ਨਾਹਨਿ*
*ਤਿਹ ਚਿੰਤਾ ਤਨੁ ਜਾਰਾ।*

(ਰਾਗ ਜੈਤਸਰੀ)

*ਜਨਮ ਜਨਮ ਭਰਮਤ ਫਿਰਿਓ*
*ਮਿਟਿਓ ਨ ਜਮ ਕੋ ਤ੍ਰਾਸੁ।*
*ਕਹੁ ਨਾਨਕ ਹਰਿ ਭਜੁ ਮਨਾ*
*ਨਿਰਭੈ ਪਾਵਹਿ ਬਾਸੁ।*

(ਸਲੋਕ ਮਹਲਾ ੯)

(ਸਮਾਜਵਿਗਿਆਨੀ ਚਿੰਤਕ ਵੀ ਨੋਟ ਕਰਨ ਕਿ ਇਹ ਜਮਾਂ ਦਾ ਤ੍ਰਾਸ ਕੇਵਲ ਉਪਰਲੀ ਜਾਂ ਹੇਠਲੀ ਸ਼੍ਰੇਣੀ ਦਾ ਤ੍ਰਾਸ ਨਹੀਂ। ਅਰਥਾਤ ਇਹ ਕੇਵਲ ਸੰਸਕ੍ਰਿਤੀ-ਮੂਲਕ ਵਿਅਕਤੀ (individual) ਦੀ ਸਮੱਸਿਆ ਨਹੀਂ, ਸਗੋਂ ਪ੍ਰਕਿਰਤੀ-ਮੂਲਕ ਪ੍ਰਾਨੀ (being) ਦੀ ਸਮੱਸਿਆ ਵੀ ਹੈ। ਇਹ ਆਪਣੀ ਸਰੀਰਕ ਹੋਂਦ (existence) ਦੇ ਬਿਨਸ ਜਾਣ ਦਾ ਭੈ ਹੈ।

ਸਾਫ ਹੈ ਕਿ ਗੁਰੂ ਸਾਹਿਬ ਦੀ ਬਾਣੀ ਦਾ ਮਨੋਰਥ ਪਹਿਲੋਂ ਹੀ ਮੌਤ ਦੇ ਭੈ ਵਿੱਚ ਗ੍ਰਸੇ ਮਾਨਵ ਨੂੰ ਮੌਤ ਦਾ ਡਰ ਦੇ ਕੇ ਹੋਰ ਭੈਭੀਤ ਕਰਨਾ ਨਹੀਂ, ਸਗੋਂ ਉਸ ਨੂੰ ਰਾਮ ਦੀ ਭਗਤੀ ਜਾਂ ਹਰੀ ਦੇ ਭਜਨ ਦੁਆਰਾ ਬਲ ਪ੍ਰਾਪਤ ਕਰਨ ਦਾ ਉਪਦੇਸ਼ ਦੇ ਕੇ ਮੌਤ ਦੇ ਭੈ ਤੋਂ ਵੀ ਮੁਕਤ ਕਰਨਾ ਹੈ। ਪਰ ਉਨ੍ਹਾਂ ਲਈ ਇਹ ਸਮੱਸਿਆ ਵੀ ਨਿਰੋਲ ਅਧਿਆਤਮਕ (Spiritual) ਨਹੀਂ, ਸਗੋਂ ਸਰੀਰਕ (Physical) ਜਾਂ ਮਾਨਸਿਕ ਹੈ (ਸਰੀਰਕ ਅਤੇ ਮਾਨਸਿਕ ਦੇ ਵਿਚਾਲੇ 'ਜਾਂ' ਦੀ ਵਰਤੋਂ ਮੈਂ ਜਾਣ ਬੁੱਝ ਕੇ ਕੀਤੀ ਹੈ ਕਿਉਂਕਿ ਮੈਂ ਮਨ ਨੂੰ ਸਰੀਰ ਨਾਲੋਂ ਅਨਿੱਖੜ ਮੰਨਦਾ ਹਾਂ)। ਗੁਰੂ ਸਾਹਿਬ ਦੀ ਬਾਣੀ ਵਿੱਚ ਤ੍ਰਾਸ ਵਰਗੀ ਨਕਾਰਕ (negative) ਸ਼ਕਤੀ ਦਾ ਤੇ ਰਾਮ, ਬ੍ਰਹਮ ਨਿਰੰਜਨ, ਗੋਬਿੰਦ ਤੇ ਬਲ ਜਿਹੀ ਸਰੀਰਕ (Positive) ਸ਼ਕਤੀ ਦਾ ਵੀ ਨਿਵਾਸ ਸਥਾਨ ਮਨ ਨੂੰ ਹੀ ਦੱਸਿਆ ਗਿਆ ਹੈ। ਉਨ੍ਹਾਂ ਦੇ ਇੱਕੋ ਸ਼ਬਦ ਵਿੱਚ ਤ੍ਰਾਸ ਤੇ ਨਿਰੰਜਨ ਦਾ ਵਾਸ ਇੱਕੋ ਮਨ ਵਿੱਚ ਇੱਕੋ ਸਮੇਂ ਵੇਖਿਆ ਜਾ ਸਕਦਾ ਹੈ :

*ਜਮ ਕੋ ਤ੍ਰਾਸ ਭਇਓ ਉਰ ਅੰਤਰਿ*
*ਸਰਨ ਗਹੀ ਕਿਰਪਾ ਨਿਧਿ ਤੇਰੀ।*
*ਕੀਏ ਉਪਾਵ ਮੁਕਤਿ ਕੇ ਕਾਰਨਿ*
*ਦਹਿਦਿਸਿ ਕਉ ਉਠਿ ਧਾਇਆ।*
*ਘਟਿ ਹੀ ਭੀਤਰਿ ਬਸੈ ਨਿਰੰਜਨੁ*
*ਤਾ ਕੋ ਮਰਮੁ ਨ ਪਾਇਆ।*

ਗੁਰੂ ਦੀ ਬਾਣੀ ਦਾ ਸੱਚ ਅਜਿਹੇ ਵਿਰੋਧਾਂ ਦੀ ਏਕਤਾ (unity of opposites) ਤੇ ਇਨ੍ਹਾਂ ਵਿਰੋਧਾਂ ਦੇ ਦਵੰਦ ਦਾ ਸੱਚ ਹੈ। ਇਸ ਸੱਚ ਨੂੰ ਸਮਝਿਆਂ ਹੀ ਆਪੇ ਦੀ (ਆਪਣੇ ਮਨ ਦੀ) ਸੋਝੀ ਹੋ ਸਕਦੀ ਹੈ ਤੇ ਆਪੇ ਦੀ ਸੋਝੀ ਹੋਣ ਨਾਲ ਹੀ ਭਰਮ ਦੇ ਜਾਲੇ ਲਹਿ ਸਕਦੇ ਹਨ :

*ਬਾਹਰਿ ਭੀਤਰਿ ਏਕੋ ਜਾਨਹੁ*
*ਇਹ ਗੁਰ ਗਿਆਨ ਬਤਾਈ।*
*ਜਨ ਨਾਨਕ ਬਿਨੁ ਆਪਾ ਚੀਨੈ*
*ਮਿਟੈ ਨ ਭ੍ਰਮ ਕੀ ਕਾਈ।।*

(ਰਾਗ ਧਨਾਸਰੀ)

ਜਿਵੇਂ ਪਹਿਲਾਂ ਹੀ ਕਿਹਾ ਜਾ ਚੁੱਕਾ ਹੈ, ਇਹ 'ਭ੍ਰਮ ਕੀ ਕਾਈ' ਗੁਰੂ ਸਾਹਿਬ ਦੇ ਸ਼ਬਦਾਂ ਵਿੱਚ ਮੋਹ, ਮਮਤਾ, ਲੋਭ ਤੇ ਹੰਕਾਰ ਦੀ ਹੈ ਤੇ ਇਨ੍ਹਾਂ ਦੀ ਸਹੀ ਪਛਾਣ ਹੀ ਆਪੇ ਦੀ ਸੋਝੀ ਹੈ। ਕਹਿੰਦੇ ਹਨ ਕਿ ਜੇ ਬੀਮਾਰੀ ਦੀ ਸਹੀ ਪਛਾਣ ਹੋ ਜਾਵੇ ਤਾਂ ਉਸ ਦੇ ਇਲਾਜ ਦਾ ਰਾਹ ਵੀ ਲੱਭ ਪੈਂਦਾ ਹੈ, ਪਰ ਇਹ ਗੱਲ ਨਿਸਚਿਤ ਹੈ ਕਿ ਇਨ੍ਹਾਂ ਜਾਲਿਆਂ ਨੂੰ ਕੱਟ ਕੇ ਜਾਂ ਲਾਹ ਕੇ ਹੀ ਮਨ ਨੂੰ ਬਲਵਾਨ ਕੀਤਾ ਜਾ ਸਕਦਾ ਹੈ, ਮਨੁੱਖ ਆਪਣੇ ਆਪ ਨਾਲ ਜੁੜ ਸਕਦਾ ਹੈ, ਭੈ ਦੇ ਸਾਗਰ ਵਿੱਚੋਂ ਤਰ ਕੇ ਪਾਰ ਹੋ ਸਕਦਾ ਹੈ ਤੇ ਦੂਜਿਆਂ ਨੂੰ ਤਰਨ ਵਿੱਚ ਸਹਾਇਤਾ ਦੇ ਸਕਦਾ ਹੈ :

ਜੋ ਪ੍ਰਾਨੀ ਮਮਤਾ ਤਜੈ ਲੋਭ ਮੋਹ ਅਹੰਕਾਰ।
ਕਹੁ ਨਾਨਕ ਆਪਨ ਤਰੈ ਅਉਰਨ ਲੇਤ ਉਧਾਰ।

'ਤਜੈ' ਤੇ 'ਤਰੈ' ਸ਼ਬਦ ਇਸ ਗੱਲ ਦੇ ਸੂਚਕ ਹਨ ਕਿ ਮਨੁੱਖ ਆਪਣੇ ਅੰਤਰ-ਦਵੰਦ ਨੂੰ ਤਜ ਕੇ ਜਾਂ ਤਰ

ਕੇ, ਆਪਣੇ ਲਘੂ ਆਪੇ ਤੋਂ ਉਪਰ ਉੱਠ ਕੇ ਜਾਂ ਤ੍ਰਾਸ ਅਤੇ ਬੰਧਨ ਬਣਨ ਵਾਲੀਆਂ ਵਸਤਾਂ ਨੂੰ ਤਿਆਗ ਕੇ ਹੀ ਨਿਰਭੈ ਤੇ ਬਲਵਾਨ ਹੋ ਸਕਦਾ ਹੈ ਤੇ ਪਹਿਲਾਂ ਆਪ ਬਲਵਾਨ ਹੋ ਕੇ ਫੇਰ ਦੂਜਿਆਂ ਦਾ ਉਧਾਰ ਕਰ ਸਕਦਾ ਹੈ। ਤਿਆਗ ਦਾ ਇੱਕੋ ਇੱਕ ਤਰੀਕਾ ਹੈ: ਮਨ ਨੂੰ ਅਡੋਲ, ਸਹਿਜ, ਸੰਤੁਲਤ, ਉਦਾਸ, ਵੈਰਾਗਮਈ ਅਵਸਥਾ ਵਿੱਚ ਰੱਖਣਾ :

*ਉਸਤਤਿ ਨਿੰਦਿਆ ਨਾਹਿ*
*ਜਿਹ ਕੰਚਨ ਲੋਹ ਸਮਾਨਿ*
*ਕਹੁ ਨਾਨਕ ਸੁਨਿ ਰੇ ਮਨਾ*
*ਮੁਕਤਿ ਤਾਹਿ ਤੈ ਜਾਨਿ।*

*ਹਰਖੁ ਸੋਗੁ ਜਾ ਕੈ ਨਹੀ*
*ਬੈਰੀ ਮੀਤ ਸਮਾਨ।*
*ਕਹੁ ਨਾਨਕ ਸੁਨੁ ਰੇ ਮਨਾ*
*ਮੁਕਤਿ ਤਾਹਿ ਤੈ ਜਾਨ।*

*ਜਿਹਿ ਮਾਇਆ ਮਮਤਾ ਤਜੀ*
*ਸਭ ਤੇ ਭਇਓ ਉਦਾਸੁ।*
*ਕਹੁ ਨਾਨਕ ਸੁਨੁ ਰੇ ਮਨਾ*
*ਤਿਹ ਘਟ ਬ੍ਰਹਮ ਨਿਵਾਸੁ।*

(ਸਲੋਕ ਮਹਲਾ ੯)

ਇਨ੍ਹਾਂ ਸਲੋਕਾਂ ਵਿੱਚੋਂ ਇੱਥੇ ਇੱਕ ਗੱਲ ਹੋਰ ਇਹ ਸਪਸ਼ਟ ਹੁੰਦੀ ਹੈ ਕਿ ਮਨ ਦੇ ਅੰਤਰਦਵੰਦ ਨੂੰ ਤਿਆਗਿਆ ਨਹੀਂ ਜਾ ਸਕਦਾ, ਨਾ ਹੀ ਕੋਈ ਪਾਰਗਾਮੀ ਇਸ ਤੋਂ ਪਾਰ ਜਾ ਸਕਦਾ ਹੈ। ਹਾਂ, ਪਾਰ ਜਾਣ ਦੀ ਇੱਛਾ ਕਰ ਸਕਦਾ ਹੈ ਤੇ ਇਸ ਇੱਛਾ ਦੀ ਪੂਰਤੀ ਕੇਵਲ ਉਸ ਹੱਦ ਤੱਕ ਉਹ ਉਨ੍ਹਾਂ ਵਿਰੋਧਾਂ ਵਿਚਕਾਰ ਇੱਕ ਸੰਤੁਲਨ ਕਾਇਮ ਕਰ ਲੈਂਦਾ ਹੈ। ਉਸਤਤਿ ਤੇ ਨਿੰਦਿਆ, ਸੋਨੇ ਤੇ ਲੋਹੇ, ਖੁਸ਼ੀ ਤੇ ਸੋਗ, ਸੁੱਖ ਤੇ ਦੁੱਖ ਦੋਹਾਂ ਨੂੰ ਤਿਆਗਣ ਦੀ ਸਿੱਖਿਆ ਦਿੰਦੇ ਹੋਏ ਵੀ ਗੁਰੂ ਸਾਹਿਬ ਇਨ੍ਹਾਂ ਨੂੰ 'ਸਮ ਕਰ ਜਾਣਨ' ਉੱਤੇ ਜ਼ੋਰ ਦਿੰਦੇ ਹਨ। ਇਨ੍ਹਾਂ ਦਾ ਸੰਤੁਲਨ ਹੀ ਵੈਰਾਗ, ਤਿਆਗ ਜਾਂ ਉਦਾਸੀ ਦੀ ਅਵਸਥਾ ਹੈ ਅਤੇ ਅਜਿਹੀ ਅਡੋਲ ਮਨੋਅਵਸਥਾ ਵਿੱਚੋਂ ਹੀ ਇਹ ਧੁਨੀ ਉਠਦੀ ਤੇ ਉੱਚੀ ਹੁੰਦੀ ਚਲੀ ਜਾਂਦੀ ਹੈ :

*ਬਲੁ ਹੋਆ ਬੰਧਨ ਛੁਟੇ*
*ਸਭੁ ਕਿਛੁ ਹੋਤ ਉਪਾਇ।*
*ਨਾਨਕ ਸਭੁ ਕਿਛੁ ਤੁਮਰੈ ਹਾਥ ਮਹਿ*
*ਤੁਮ ਹੀ ਹੋਤ ਸਹਾਇ।*

ਇਸ ਦੋਹਿਰੇ ਨੂੰ ਮੈਂ ਗੁਰੂ ਤੇਗ ਬਹਾਦਰ ਦੀ ਹੀ ਰਚਨਾ ਮੰਨਦਾ ਹਾਂ ਤੇ ਇਸ ਵਿੱਚ 'ਤੁਮਰੈ' ਤੇ 'ਤੁਮਹੀ' ਸ਼ਬਦ ਇੱਕ ਪਾਸੇ ਪ੍ਰਮਾਤਮਾ ਦੀ ਸਰਬ ਸ਼ਕਤੀਮਾਨਤਾ ਤੇ ਦੂਜੇ ਪਾਸੇ ਮਨੁੱਖੀ ਮਨ ਦੀ ਦ੍ਰਿੜਤਾ, ਅਰੋਗਤਾ ਤੇ ਬਹਾਦਰੀ ਵਲ ਸੰਕੇਤ ਕਰਦੇ ਹਨ। ਇਥੇ ਫੇਰ ਪ੍ਰਮਾਤਮਾ ਤੇ ਹਉਮੈ, ਨਿਰੰਜਨ ਤੇ ਮਨ ਦੀਆਂ ਹੋਰ ਸ਼ਕਤੀਆਂ ਜਾਂ ਬਲ ਤੇ ਬੰਧਨ ਦੀ ਵਿਰੋਧਮਈ ਏਕਤਾ ਨੂੰ ਦ੍ਰਿੜ ਕਰਵਾਇਆ ਗਿਆ ਹੈ। ਅਸਲ ਵਿੱਚ ਇਨ੍ਹਾਂ ਦਾ ਰਿਸ਼ਤਾ ਦਵੰਦਾਤਮਕ ਹੈ। ਬਲ ਦੀ ਅਣਹੋਂਦ ਬੰਧਨ ਹੈ ਤੇ ਬੰਧਨ ਦੀ ਅਣਹੋਂਦ ਬਲ। ਅੱਜ ਵੀ ਭਾਰਤ ਦਾ ਇੱਕ ਮਨੋਵਿਗਿਆਨ ਅਧਿਆਤਮਵਾਦੀ (ਜਿਸ ਨੇ ਅਧਿਆਤਮਕਤਾ ਦੀ ਵਿਆਖਿਆ ਲਈ ਮਨੋਵਿਗਿਆਨਕ ਸੰਕਲਪਾਂ ਨੂੰ ਆਧਾਰ ਬਣਾਇਆ ਹੈ, ਕ੍ਰਿਸ਼ਣਾਮੂਰਤੀ ਭੈ ਤੇ ਬਲ ਦੇ ਇਸ ਦਵੰਦ ਦੀ ਵਿਆਖਿਆ ਕਰਦਿਆਂ ਲਿਖਦਾ ਹੈ :

"ਜੀਵਨ ਦੀਆਂ ਵੱਡੀਆਂ ਸਮੱਸਿਆਵਾਂ ਵਿੱਚੋਂ ਇੱਕ ਸਮੱਸਿਆ ਭੈ ਦੀ ਹੈ-

ਅਜਿਹੇ ਭ੍ਰਸ਼ਟ, ਗਿਆਨ ਵਿਹੂਣੇ ਸਮਾਜ ਵਿੱਚ ਰਹਿੰਦਿਆਂ ਜਿਸ ਵਿੱਚ ਵਿੱਦਿਆ ਵੀ ਮੁਕਾਬਲੇ ਦੀ ਭਾਵਨਾ ਹੀ ਉਤੇਜਿਤ ਕਰਦੀ ਹੈ ਤੇ ਭੈ ਨੂੰ ਵਧਾਉਂਦੀ ਹੈ, ਅਸੀਂ ਕਿਸੇ ਨਾ ਕਿਸੇ ਤਰ੍ਹਾਂ ਦੇ ਡਰ ਦੇ ਬੋਝ ਹੇਠ ਦਬੇ ਰਹਿੰਦੇ ਹਾਂ ਤੇ ਇਹ ਡਰ ਇੰਨਾ ਭਿਅੰਕਰ ਬਣ ਗਿਆ ਹੈ ਜੋ ਨਿੱਤ ਸਾਡੀ ਅਉਧ ਨੂੰ ਤੋੜਦਾ ਮੋੜਦਾ ਤੇ ਖੁੰਢਾ ਕਰਦਾ ਹੈ।"

(*Krishnamurti, J., Freedom From the Known, PP. 40, 41.*

"Fear is one of the greatest problems in life.

Living in such a corrupt, stupid society as we do, with the competitive education we receive which engenders fear, we are all burdened with fears of some kind, and fear is a dreadful thing which warps, twists and dulls our days.")

"ਸ਼ਕਤੀ (ਬਲ) ਕਾਰਜ ਤੇ ਗਤੀ ਦਾ ਨਾਂ ਹੈ। ਸਮੁੱਚਾ

ਕਾਰਜ ਗਤੀ ਹੈ ਤੇ ਸਮੁੱਚਾ ਕਾਰਜ ਸ਼ਕਤੀ। ਸਭ ਇਛਾਵਾਂ ਸ਼ਕਤੀ ਹਨ। ਸਭ ਭਾਵੁਕਤਾ ਸ਼ਕਤੀ ਹੈ। ਸਭ ਚਿੰਤਨ ਸ਼ਕਤੀ ਹੈ। ਜੀਣਾ ਸ਼ਕਤੀ ਹੈ। ਜੀਵਨ ਸ਼ਕਤੀ ਹੈ। ਪਰ ਜੇ ਇਸ ਸ਼ਕਤੀ ਦਾ ਵਹਿਣ ਨਿਰਦਵੰਦ, ਬੇਰੁਕਾਵਟ, ਬਿਨਾ ਕਿਸੇ ਟਕਰਾਓ ਦੇ ਹੋਵੇ ਤਾਂ ਇਹ ਸ਼ਕਤੀ ਅਥਾਹ ਤੇ ਅਨੰਤ ਹੁੰਦੀ ਹੈ। ਜਦੋਂ ਕੋਈ ਰੁਕਾਵਟ ਨਹੀਂ ਹੁੰਦੀ ਤਾਂ ਇਹ ਸ਼ਕਤੀ ਅਸੀਮ ਹੁੰਦੀ ਹੈ ਇਹ ਰੁਕਾਵਟ ਹੀ ਹੈ ਜੋ ਸ਼ਕਤੀ ਨੂੰ ਸੀਮਤ ਕਰਦੀ ਹੈ।"

"---ਤੇ ਕੋਈ ਜਦੋਂ ਤੱਕ ਸਾਡੇ ਪਰਸਪਰ ਸੰਬੰਧਾਂ ਵਿਚਕਾਰ - ਪਤੀ-ਪਤਨੀ, ਮਨੁੱਖ-ਮਨੁੱਖ, ਕੌਮ-ਕੌਮ ਤੇ ਦੇਸ਼-ਦੇਸ਼ ਵਿਚਕਾਰ, ਇੱਕ ਤੇ ਦੂਜੀ ਵਿਚਾਰਧਾਰਾ ਵਿਚਕਾਰ ਕੋਈ ਰੁਕਾਵਟ ਹੈ, ਅੰਦਰਲੀ ਜਾਂ ਬਾਹਰਲੀ, ਕੋਈ ਸੂਖਮ ਤੋਂ ਸੂਖਮ ਟੱਕਰ ਹੈ ਉਦੋਂ ਤੱਕ ਸ਼ਕਤੀ ਖੀਣ ਹੁੰਦੀ ਹੈ।"

(*Krishnamurti, J., Freedom From the Known PP. 120.*

"Energy is action and movement. All action is movement and all action is energy. All desire is energy. All feeling is energy. All thought is energy. All living is energy. All life is energy. If that energy is allowed to flow without any contradiction, without any friction, without any conflict, then that energy is boundless, endless. When there is no friction there are no frontiers to energy. It is friction which gives energy limitations.

And as long as there is friction of any kind in any of our relationships, whether between husband and wife, between man and man, between one community and another or one country and another or one ideology and another, if there is any inward friction or any outward conflict in any form, however, subtle it may be there is a waste of energy.")

ਮੈਂ ਸਮਝਦਾ ਹਾਂ ਕਿ ਇਹ ਦਵੰਦ, ਸਾਧਾਰਣ ਰੂਪ ਵਿੱਚ, ਸਾਡੇ ਅਵਚੇਤਨ ਵਿੱਚ ਹਰ ਸਮੇਂ ਮੌਜੂਦ ਰਿਹਾ ਹੈ ਤੇ ਰਹਿੰਦਾ ਹੈ। ਪਰ ਅਸੀਂ ਇਸ ਤੋਂ ਸੁਚੇਤ ਉਦੋਂ ਹੁੰਦੇ ਹਾਂ ਤੇ ਇਸ ਨੂੰ ਇੱਕ ਰੋਕ ਜਾਂ ਟੱਕਰ ਦੇ ਰੂਪ ਵਿੱਚ ਉਦੋਂ ਵੇਖਦੇ ਹਾਂ ਜਦੋਂ ਵਿਰੋਧਾਂ ਦਾ ਸੰਤੁਲਨ ਵਿਗੜਦਾ ਹੈ ਤੇ ਕੋਈ ਸਮਾਜਕ ਜਾਂ ਮਾਨਸਕ ਸੰਕਟ ਪੈਦਾ ਹੁੰਦਾ ਹੈ। ਮਨੁੱਖ ਇਸ ਦਵੰਦ ਦੀ ਨਵਿਰਤੀ ਕਰਨ ਜਾਂ ਵਿਰੋਧਾਂ ਨੂੰ ਸਮਾਨ ਰੱਖਣ ਦਾ ਜਤਨ ਚਿੰਤਨ ਭਾਵ ਤੇ ਅਮਲ (ਮਨ, ਬਚ, ਕਰਮ) ਕਿਸੇ ਵੀ ਪੱਧਰ ਉੱਤੇ ਕਰ ਸਕਦਾ ਹੈ। ਗੁਰੂ ਸਾਹਿਬ ਦਾ ਉਪਦੇਸ਼ ਇਹ ਹੈ ਕਿ ਇਹ ਕਾਰਜ ਕੇਵਲ ਚਿੰਤਨ ਤੇ ਭਾਵ ਦੀ ਪੱਧਰ ਉੱਤੇ ਸਿਰੇ ਚੜ੍ਹ ਸਕਦਾ ਹੈ, ਪਰ ਉਨ੍ਹਾਂ ਦੇ ਜੀਵਨ ਤੋਂ ਪਤਾ ਲਗਦਾ ਹੈ ਕਿ ਮਾਨਸਿਕ ਦਵੰਦ ਤੋਂ ਪੂਰੀ ਤਰ੍ਹਾਂ ਮੁਕਤ ਹੋਣ ਲਈ ਅਮਲ ਹੀ ਅੰਤਿਮ ਸਾਧਨ ਹੈ। ਗੁਰੂ ਤੇਗ ਬਹਾਦਰ ਜੀ ਨੇ ਸੰਤੁਲਨ, ਸਮਾਨਤਾ ਸਹਿਜ ਅਤੇ ਦੁਖ ਸੁਖ ਨੂੰ ਸਮ ਕਰ ਜਾਣਨ ਦੀ ਕੇਵਲ ਸਿੱਖਿਆ ਹੀ ਨਹੀਂ ਦਿੱਤੀ, ਸਗੋਂ ਆਪਣੀ ਮਹਾਨ ਸ਼ਹੀਦੀ ਦੇ ਅਮਲ ਦੁਆਰਾ ਮਨੁੱਖ ਦੀ ਅਡੋਲ, ਬਲਵਾਨ ਤੇ ਨਿਰਭੈ ਆਤਮਾ ਨੂੰ ਵੀ ਪ੍ਰਤੱਖ ਕਰ ਵਿਖਾਇਆ ਹੈ। ਉਨ੍ਹਾਂ ਦੀ ਬਾਣੀ ਸਰੋਤੇ ਪਾਠਕ ਨੂੰ ਵੀ ਅਜਿਹੇ ਮਾਨਸਿਕ ਅਮਲ ਲਈ ਪ੍ਰੇਰਦੀ ਹੈ ਜਿਹੜਾ ਉਸਨੂੰ ਬੰਧਨ-ਮੁਕਤ ਕਰੇ ਤੇ ਬਲਵਾਨ ਬਣਾਵੇ। ਇਸ ਬਾਣੀ ਦੀ ਵਿਆਖਿਆ ਛੜੇ ਸਮਾਜ ਵਿਗਿਆਨ, ਨਿਰੋਲ ਮਨੋਵਿਗਿਆਨ, ਕੇਵਲ ਪਰਾਭੌਤਿਕ ਗਿਆਨ (metaphysics) ਤੇ ਸਿਰਫ ਅਧਿਆਤਮਵਾਦ (spiritualism) ਜਾਂ ਰਹੱਸਵਾਦ ਦੁਆਰਾ ਨਹੀਂ ਹੋ ਸਕਦੀ ਤੇ ਬਲ ਦੀ ਪੂਰਣ ਪ੍ਰਾਪਤੀ ਜਾਂ ਭੈ ਦੀ ਨਵਿਰਤੀ ਕੇਵਲ ਚਿੰਤਨ ਤੇ ਭਾਵਨ ਦੀ ਪੱਧਰ ਉੱਤੇ ਨਹੀਂ ਹੋ ਸਕਦੀ। ਇਸ ਬਾਣੀ ਦੀ ਵਿਆਖਿਆ ਕਿਸੇ ਯੁੱਗ-ਦਰਸ਼ਨ (world view) ਰਾਹੀਂ ਅਤੇ ਮਨੁੱਖੀ ਬਲ ਦੀ ਸੰਪੂਰਣ ਪ੍ਰਾਪਤੀ ਕਿਸੇ ਸਮਾਜਕ ਅਮਲ ਰਾਹੀਂ ਹੀ ਸੰਭਵ ਹੈ। ਮੇਰੇ ਵਰਗਾ ਬੇਅਮਲ ਆਲਮ ਤਾਂ ਗੁਰੂ ਸਾਹਿਬ ਦੀ ਇਸ ਪੰਗਤੀ ਨੂੰ ਕੇਵਲ ਆਪਣੇ ਮਨ ਵਿੱਚ ਦੁਹਰਾ ਕੇ ਹੀ ਆਪਣੇ ਆਪ ਨੂੰ ਧੀਰਜ ਦੇ ਲੈਂਦਾ ਹੈ।

*"ਬਲੁ ਛੁਟਕਿਓ ਬੰਧਨ ਪਰੇ*
*ਕਛੂ ਨ ਹੋਤ ਉਪਾਇ ॥"*

# ਕਿਵ ਹੋਵੇ ਕੀਰਤਨ
# ਰਸਮੀ ਤੋਂ ਰਸਮਈ... ਕਿਰਤ ਤੋਂ ਕੀਰਤੀ...

ਰੇਣੁਕਾ ਸਰਬਜੀਤ ਸਿੰਘ

ਕੀਰਤਨ ਭਾਵ ਕੀਰਤੀ ਕਰਨਾ ਜਾਂ ਜਸ ਗਾਉਣੇ, ਗੁਣ ਗਾਉਣੇ। ਗੁਣ ਗਾਉਣ ਨਾਲ ਗੁਣ ਵਿਹਾਝੇ ਜਾਂਦੇ ਹਨ, ਗੁਣ ਵਧਦੇ ਹਨ, ਪਰਫੁਲਿਤ ਹੁੰਦੇ ਹਨ। ਇੰਝ ਕੀਰਤਨ ਕਰਨ ਵਾਲਾ ਗੁਣੀ ਜਨ ਬਣਦਾ ਹੈ, ਅਵਗੁਣ ਕਢੈ - ਆਪਣੇ ਅਵਗੁਣ ਕੱਢ ਦਿੰਦਾ ਹੈ। ਗੁਣ ਗਾ ਗਾ ਕੇ ਗੁਣੀ ਬਣ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ 649 ਵਿਖੇ ਫੁਰਮਾਨ ਹੈ:

ਧਨੁ ਧਨੁ ਭਾਗ ਤਿਨਾ ਸਾਧ ਜਨਾ
ਹਰਿ ਕੀਰਤਨੁ ਗਾਇ ਗੁਣੀ ਜਨ ਬਣਤਿਆ ॥

ਪਰ ਕੀ ਅੱਜ ਕੀਰਤਨ ਕਰਨ ਵਾਲੇ ਗੁਣੀ ਬਣ ਰਹੇ ਹਨ? ਕੀਰਤਨ ਕੀਰਤੀ ਘੱਟ ਤੇ ਕਿਰਤ ਵੱਧ ਬਣਦਾ ਜਾ ਰਿਹਾ ਹੈ। ਸਤਿਗੁਰ ਕਾ ਸਬਦੁ ਸੁਣਿ ਨ ਜਾਗਿਓ ਅੰਤਰਿ ਨ ਉਪਜਿਓ ਚਾਉ ॥ ਚਾਅ ਬਣ ਹੀ ਨਹੀਂ ਰਿਹਾ। ਮਨੁ ਕਠੋਰੁ ਨੂੰ ਅਸੀਂ ਸਬਦ ਨਾਲ ਭੇਦ ਹੀ ਨਹੀਂ ਪਾ ਰਹੇ ਤਾਂ ਹੀ ਸਾਂਤਿ ਵਸੈ ਮਨਿ ਆਇ ਸੰਭਵ ਨਹੀਂ ਹੋ ਪਾ ਰਿਹਾ। ਗਾਇ ਸੁਨੈ ਆਂਖੇ ਮੀਚੈ ਨਾਲ ਹੀ ਪਰਮ ਪਦ ਤੇ ਪੁਜਣ ਦਾ ਯਤਨ ਹੈ।

ਕੀਰਤਨ - ਕਿਰਤ ਤੋਂ ਕੀਰਤੀ ਕਿਵ ਹੋਵੇ? ਗਾਇਣ ਤੋਂ ਸਮਾਇਣ ਕਿਵ ਹੋਵੇ? ਕੀਰਤਨੀਏ ਗਾਇਣ ਅਵਸਥਾ ਤੋਂ 'ਗਹਿਣ' ਕਰਨ ਦੀ ਅਵਸਥਾ ਤੇ ਕਿਵ ਪੁੱਜਣ? ਇਹ ਅਜੋਕੇ ਸਮੇਂ ਦੇ ਵੱਡੇ ਚੈਲੰਜ ਹਨ।

ਕੀਰਤਨ ਦਾ ਕੇਵਲ ਗਾਇਣ ਬਣ ਜਾਣਾ ਪੰਥ ਅਤੇ ਸਮੁਚੇ ਸਮਾਜ ਦੀ ਅਤਿਅੰਤ ਘਾਤਕ ਬਣਦਾ ਜਾ ਰਿਹਾ ਹੈ। ਇਕ ਅੰਦਾਜੇ ਮੁਤਾਬਕ ਪੰਜਾਬ ਵਿਚ 25000 ਤੋਂ ਵਧ ਕੀਰਤਨੀ ਜਥੇ ਹੋਣਗੇ। ਜੇ ਇਹਨਾਂ ਵਿਚੋਂ ਦਸਵਾਂ ਹਿਸਾ ਭਾਵ 2500 ਵੀ ਚੰਗੇ ਜਥੇ ਮੰਨ ਲਈਏ ਤਾਂ ਇਹਨਾਂ 2500 ਦਾ ਦਸਵਾਂ ਹਿਸਾ ਵੀ ਕੀ ਵਿਚਾਰ ਅਤੇ ਪ੍ਰੇਮ ਨਾਲ ਕੀਰਤਨ ਕਰਨ ਵਾਲਾ ਹੈ? ਇਹ ਸੋਚਦਿਆਂ ਤੇ ਲਿਖਦਿਆਂ ਕਲਮ ਕੰਬ ਰਹੀ ਹੈ। ਫੁਰਮਾਨ ਹੈ:

ਮਨਿ ਪਰਤੀਤਿ ਨ ਆਈਆ ਸਹਜਿ ਨ ਲਗੋ ਭਾਉ ॥
ਸਬਦੈ ਸਾਦੁ ਨ ਪਾਇਓ ਮਨਹਠਿ ਕਿਆ ਗੁਣ ਗਾਇ॥

ਇਸ ਸਭ ਦਾ ਨਤੀਜਾ? ਪੰਜਾਬ ਇੱਕ ਚੌਰਾਹੇ ਤੇ ਖੜਾ ਜਾਪ ਰਿਹਾ ਹੈ। ਚੁਰਾਸੀ ਦਾ ਸੰਤਾਪ ਹਾਲੀਂ ਭੁੱਲਿਆ ਨਹੀਂ, ਹੁਣ ਨਸ਼ਿਆਂ, ਪਤਿਤਪੁਣਾ ਤੇ ਕੁੜੀਮਾਰ ਦਾ ਕਲੰਕ ਇਸਦੇ ਸਿਰ ਤੇ ਮੜਿਆ ਜਾ ਚੁੱਕਾ ਹੈ। ਕਿਤੇ ਬਾਹਰ ਜਾਈਏ ਤਾਂ ਸ਼ਰਮ ਆਉਣ ਲੱਗ ਪਈ ਹੈ ਇਹ ਦੱਸਣ ਵਿਚ ਕਿ ਅਸੀਂ ਪੰਜਾਬ ਤੋਂ ਆਏ ਹਾਂ। ਲੋਕ ਠਾਹ ਜਿਹੇ ਸੁਆਲ ਪੁੱਛਦੇ ਹਨ - ਪੰਜਾਬ ਦਾ ਤਾਂ ਬੁਰਾ ਹਾਲ ਹੋ ਗਿਆ ਹੈ? ਰਾਜਨੀਤਿਕ ਤੌਰ ਤੇ ਇਸ ਗੱਲ ਨੂੰ ਨਕਾਰਿਆਂ ਵੀ ਜਾ ਰਿਹਾ ਹੈ। ਪਰ ਇੱਕ ਗੱਲ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ ਕਿ ਪੰਜਾਬ ਨੂੰ ਪੁਨਰ ਖੁਸ਼ਹਾਲੀ ਦੀ ਲੋੜ ਹੈ। ਕੁਝ ਕੁ ਨਿੱਕੇ-ਨਿੱਕੇ ਉੱਦਮਾਂ ਨਾਲ ਵੀ ਅਸੀਂ ਖੁਸ਼ਹਾਲੀ ਵੱਲ ਵੱਧ ਸਕਦੇ ਹਾਂ। ਜੇਕਰ ਅਸੀਂ ਫੌਰੀ ਧਿਆਨ ਦੇਈਏ, ਯਤਨਸ਼ੀਲ ਹੋਈਏ, ਵੱਧ ਤੋਂ ਵੱਧ ਪ੍ਰਚਾਰ ਕਰੀਏ ਤਾਂ ਸਥਿਤੀ ਬਦਲ ਸਕਦੀ ਹੈ।

ਪਦਾਰਥਵਾਦ ਦੀ ਇਸ ਦੌੜ ਵਿੱਚ ਮਨੁਖ ਵਿਸ਼ੇ ਵਿਕਾਰਾਂ ਦੀ ਜਕੜ ਵਿੱਚ ਬੁਰੀ ਤਰ੍ਹਾਂ ਫਸ ਰਿਹਾ ਹੈ। ਅਧਿਆਤਮ ਦੀ ਖੁਰਾਕ ਮਿਲਣੀ ਬੇਹੱਦ ਜ਼ਰੂਰੀ ਹੋ ਗਈ ਹੈ। ਸਾਰੇ ਪੱਛਮੀ ਮੁਲਕਾਂ ਵਿੱਚ ਹੁਣ ਨਾਮ ਸਿਮਰਨ ਦੀਆਂ ਗੱਲਾਂ ਜੋਰ ਪਕੜ ਰਹੀਆਂ ਹਨ। ਅਜਿਹੇ ਸਮੇਂ ਤੇ ਪੰਜਾਬ ਵਾਸੀ ਜੇਕਰ ਰੂਹਾਨੀਅਤ ਵੱਲ ਮੁੜ ਪੈਣ ਤਾਂ ਸਾਰੀਆਂ ਹੀ ਸਮੱਸਿਆਵਾਂ ਦੇ ਹੱਲ ਵੱਲ ਮੋੜਾ ਪੈ ਜਾਵੇਗਾ।

ਫਿਰ ਕਵਨ ਸੁ ਬਿਧਿ ਜਿਤੁ ਰਾਮ ਗੁਣ ਗਾਇ ॥ ਕਿਸ ਤਰ੍ਹਾਂ ਕੀਰਤੀ ਕਰੀਏ ?

ਕਾਰੀ ਏਹ ਕਰੇਹੁ

ਸਾਡੇ ਕੋਲ ਰੂਹਾਨੀਅਤ ਦਾ ਸੋਮਾ ਹੈ- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਰ ਰੋਜ਼ ਗੁਰਬਾਣੀ ਦਾ ਸਹਿਜ ਪਾਠ ਆਪ ਕਰੀਏ। ਭਾਵੇਂ ਛੇ ਮਹੀਨੇ, ਸਾਲ ਬਾਅਦ ਭੋਗ ਪਾਈਏ। ਰੋਜ਼ਾਨਾ ਸਹਿਜ ਪਾਠ ਕਰੀਏ - ਵੀਚਾਰੀਏ - ਕਮਾਈਏ। ਗੁਰਬਾਣੀ ਵਿੱਚ ਇੱਕ ਵੀ ਫੁਰਮਾਨ ਅਜਿਹਾ ਨਹੀਂ ਹੈ ਕਿ ਅਖੰਡ ਪਾਠ ਕਰਾਈਏ ਤੇ ਸੁਖ ਮਿਲੇਗਾ।

ਸਗੋਂ ਹੁਕਮ ਹੈ ਕਿ ਆਪ ਪਾਠ ਕਰੀਏ। ਤੁਰਦੇ-ਫਿਰਦੇ, ਬੈਠਦੇ-ਉਠਦੇ, ਜਾਗਦੇ-ਸੌਂਦੇ, ਅੱਠੇ ਪਹਿਰ ਨਾਮ ਸਿਮਰਨ ਵਿੱਚ ਰੱਤੇ ਰਹੀਏ। ਨਿਤਨੇਮ ਸਟੀਕ ਤੋਂ ਵੀ ਕਰੀਏ। ਗੁਰਬਾਣੀ ਪ੍ਰੇਮ ਭਿੱਜੀ, ਖੋਜੀ ਬਿਰਤੀ ਨਾਲ ਵੀਚਾਰੀਏ - ਕਮਾਈਏ। ਅੰਮ੍ਰਿਤ ਵੇਲਾ ਸੰਭਾਲ ਕੇ ਹਰ ਵੇਲੇ ਅਨੰਦ - ਖੇੜੇ ਵਿੱਚ ਰਹੀਏ। ਇਸ ਸਭ ਵਿਚ ਕੀਰਤਨ ਸਰਵੋਤਮ ਮਾਧਿਅਮ ਹੈ। ਪਰ ਕਿਵ ਬਣੇ ਕੀਰਤਨ ਦਾ ਅਨੰਦ?

ਕਈ ਸਾਲ ਪਹਿਲਾਂ ਦੀ ਗੱਲ ਹੈ ਸਾਡੇ ਇਕ ਬੜੇ ਹੀ ਪਰਮ ਮਿੱਤਰ ਨੂੰ ਅਮਰੀਕਾ ਵਿਖੇ ਜਾਣ ਦਾ ਮੌਕਾ ਮਿਲਿਆ। ਵਾਪਸ ਆਉਣ ਤੇ ਉਨ੍ਹਾਂ ਆਪਣੇ ਅਨੁਭਵ ਸਾਂਝੇ ਕਰਦਿਆਂ ਕਿਹਾ ਕਿ ਜੋ ਅਨੰਦ ਅਮਰੀਕਾ ਵਿਚ ਕੀਰਤਨ ਕਰਨ ਦਾ ਆਇਆ ਉਹ ਪੰਜਾਬ ਵਿਚ ਕਦੇ ਨਹੀਂ ਆਇਆ। ਮੈਂ ਸਹਿਜ ਸੁਭਾਏ ਪੁੱਛ ਲਿਆ, "ਕਿਉਂ, ਉਥੇ ਡਾਲਰ ਮਿਲੇ ਇਸ ਲਈ?"

ਉਸ ਨੇ ਹੱਸ ਕੇ ਜੁਆਬ ਦਿੱਤਾ, "ਨਹੀਂ ਵੀਰ ਜੀ ! ਉਥੇ ਅਸੀਂ ਜਿਥੇ ਵੀ ਕੀਰਤਨ ਕਰਨ ਲਈ ਓਹ ਸਾਨੂੰ ਪਹਿਲਾਂ ਹੀ ਪੁੱਛ ਲੈਂਦੇਂ ਕਿ ਤੁਸੀਂ ਕਿਹੜੇ ਕਿਹੜੇ ਸ਼ਬਦਾਂ ਦਾ ਗਾਇਨ ਕਰੋਗੇ? ਤੇ ਹਰ ਵਾਰ ਉਨ੍ਹਾਂ ਸ਼ਬਦਾਂ ਅਤੇ ਅਰਥਾਂ ਦੇ ਕੰਪਿਊਟਰ ਪ੍ਰਿੰਟ ਕਢ ਕੇ ਸੰਗਤ ਵਿਚ ਵੰਡ ਦਿੰਦੇ। ਸਾਰੀ ਸੰਗਤ ਨਾਲ ਨਾਲ ਕੀਰਤਨ ਕਰਦੀ। ਹੌਲੀ ਹੌਲੀ ਅਸੀਂ ਵੀ ਅਰਥ ਵੀਚਾਰ ਕੇ ਕੀਰਤਨ ਕਰਨਾ ਅਰੰਭ ਕਰ ਦਿੱਤਾ। ਜੋ ਅਨੰਦ ਵੀਚਾਰ ਨਾਲ ਕੀਰਤਨ ਕਰਨ ਦਾ ਹੈ ਉਹ ਕੇਵਲ ਰਾਗ ਗਾਇਨ ਦਾ ਨਹੀਂ।"

ਇਸ ਤੋਂ ਇਕ ਗੱਲ ਸਪੱਸ਼ਟ ਹੁੰਦੀ ਹੈ ਕਿ ਵੀਚਾਰ ਨਾਲ ਕੀਰਤਨ ਕਰਨਾ ਸਾਡੀ ਸੋਚ ਨੂੰ ਕੇਵਲ ਹਲੂਣਦਾ ਜਾਂ ਰੁਸ਼ਨਾਉਂਦਾ ਹੀ ਨਹੀਂ ਸਗੋਂ ਪ੍ਰੇਮ ਅਤੇ ਅਨੰਦ ਨਾਲ ਸਰਸ਼ਾਰ ਕਰ ਦਿੰਦਾ ਹੈ। ਗੁਰ ਕੀ ਸੇਵਾ ਸਬਦਿ ਵੀਚਾਰ॥ ਸ਼ਬਦ ਦੀ ਵੀਚਾਰ ਕਰਨਾ ਵੀ ਗੁਰੂ ਦੀ ਸੇਵਾ ਹੈ। ਅਜਿਹੀ ਸੇਵਾ ਵਿਚ ਅਸੀਂ ਪਿਛੇ ਰਹਿ ਰਹੇ ਹਾਂ।

ਸੰਨ 2010 ਵਿਚ ਵੁਲਵਰਹੈਮਟਨ (ਇੰਗਲੈਂਡ) ਗੁਰਦੁਆਰਾ ਸਾਹਿਬ ਵਿਖੇ ਲੈਕਚਰ ਕਰਨ ਉਪਰੰਤ, ਉਥੋਂ ਦੇ ਪ੍ਰਧਾਨ ਸਾਹਿਬ ਮੈਨੂੰ ਦਫਤਰ ਵਿਖੇ ਲੈ ਗਏ। ਗੱਲਾਂ ਕਰਦਿਆਂ ਸਹਿਜ ਸੁਭਾਅ ਉਨ੍ਹਾਂ ਕਿਹਾ ਕਿ ਇੰਡੀਆ ਤੋਂ ਕੀਰਤਨੀਏ ਤੇ ਕਥਾ ਵਾਚਕ ਬੁਲਾਉਣ ਦਾ ਸਿਲਸਿਲਾ ਬਸ ਦਸ-ਵੀਹ ਸਾਲ ਹੋਰ ਚਲੇਗਾ। ਕਿਉਂ? ਕਿਉਂਕਿ ਇੰਡੀਆ ਤੋਂ ਆਉਣ ਵਾਲੇ ਕੀਰਤਨੀਏ ਸਾਰਾ ਦਿਨ ਜਾਂ ਤਾਂ ਆਪਣੇ ਕਮਰਿਆਂ ਵਿੱਚ ਸੁਤੇ ਰਹਿੰਦੇ ਹਨ ਜਾਂ ਘੁੰਮਣ ਫਿਰਨ ਤੁਰੇ ਰਹਿੰਦੇ ਹਨ। ਕੀਰਤਨ ਕਰਨ ਦੇ ਨੀਅਤ ਸਮੇਂ ਤੋਂ 15 ਮਿੰਟ ਪਹਿਲਾਂ ਆਉਂਦੇ ਹਨ ਤੇ ਕੀਰਤਨ ਕਰਕੇ ਤੁਰੰਤ ਕਮਰਿਆ ਵੱਲ ਹੋ ਤੁਰਦੇ ਹਨ। ਇਥੋਂ ਦੇ ਬੱਚੇ, ਨੌਜਵਾਨ, ਸੰਗਤਾਂ ਇਹ ਪਸੰਦ ਨਹੀਂ ਕਰਦੀਆਂ। ਉਨ੍ਹਾਂ ਦੀ ਆਸ ਹੁੰਦੀ ਹੈ ਕਿ ਨੀਅਤ ਸਮੇਂ ਤੋਂ ਇਲਾਵਾ ਵੀ ਉਹ ਸੰਗਤਾਂ ਨਾਲ ਪ੍ਰਚਾਰ ਦੀ, ਪੰਥ ਦਰਦ ਦੀ ਗੱਲ ਕਰਨ, ਬੱਚਿਆਂ ਨੂੰ ਕੀਰਤਨ ਸਿਖਾਉਣ, ਪ੍ਰਚਾਰ ਦੀ ਹੁੱਬ ਰੱਖਣ। ਇਸੇ ਲਈ ਹੁਣ ਇੱਥੋਂ ਦੇ ਵਸਨੀਕ ਆਪ ਕੀਰਤਨ ਕਰਨ ਲਗ ਪਏ ਹਨ। ਨਾਲ ਹੀ ਇੰਗਲਿਸ਼ ਭਾਸ਼ਾ ਵਿਚ ਨਿਪੁੰਨ ਹੋਣ ਕਰਕੇ ਉਹ ਵਿਆਖਿਆ ਵੀ ਇੰਗਲਿਸ਼ ਵਿਚ ਹੀ ਕਰਦੇ ਹਨ।

ਇਹ ਕਿਆਸ ਸੱਚ ਹੀ ਲੱਗ ਰਿਹਾ ਹੈ। ਜੇਕਰ ਸਾਡੇ ਕੀਰਤਨੀਆਂ ਵਿਚ ਚਾਉ ਨਾਲ ਕੀਰਤੀ ਕਰਨ ਤੇ ਉਤਸ਼ਾਹ ਨਾਲ ਪ੍ਰਚਾਰ ਕਰਨ ਦੀ ਲਹਿਰ ਨਾ ਚਲੀ ਤਾਂ ਸਮੇਂ ਨਾਲ ਅਜੋਕੇ ਸਾਰੇ ਗਾਇਕਾਂ ਨੂੰ ਪਛਤਾਉਣਾ ਪਵੇਗਾ, ਜੋ ਕੇਵਲ ਮਾਇਆ ਤੇ ਨਿੱਜ ਭਰਣ ਪੋਖਣ ਤੱਕ ਹੀ ਸੀਮਤ ਹਨ। ਰਾਗਬੱਧ ਕੀਰਤਨ ਦੀ ਲਹਿਰ ਅਰੰਭੀ ਸੀ ਸੰਤ ਬਾਬਾ ਸੁੱਚਾ ਸਿੰਘ ਜੀ ਨੇ ਜੋ ਅੱਜ ਆਪਣਾ ਅਸਰ ਵਿਖਾ ਰਹੀ ਹੈ। ਗਾਇਣ ਵਿੱਚ ਉਚ ਮਾਪਦੰਡ ਸਥਾਪਿਤ ਹੋ ਚੱਕੇ ਹਨ ਤੇ ਹੋਰ ਖੋਜਾਂ ਅਤੇ ਸਿਖਲਾਈ ਤੰਤੀ ਸਾਜਾਂ ਦੇ ਰੂਪ ਵਿਚ ਸਾਹਮਣੇ ਪ੍ਰਤੱਖ ਹੋ ਰਹੀ ਹੈ।

ਛੁਪੇ ਰਹਿਣ ਦੀ ਚਾਹ

ਜਦ ਕੀਰਤਨ ਕੀਰਤੀ ਬਣ ਜਾਏਗਾ ਤਾਂ ਸਾਡੇ ਮਨ ਅੰਦਰ ਆਪਣੀ ਜੈ ਜੈਕਾਰ ਕਰਾਉਣ ਦੀ ਇੱਛਾ ਘੱਟਦੀ ਜਾਏਗੀ। ਹਰ ਮਨੁੱਖ ਦੀ ਇੱਛਾ ਹੁੰਦੀ ਹੈ ਕਿ ਸਾਰੇ ਉਸ ਦੀ ਤਾਰੀਫ ਕਰਨ। ਕੀਰਤਨੀਏ ਵੀ ਇੰਝ ਹੀ ਚਾਹੁੰਦੇ ਹਨ। ਬਾਣੀ ਦਾ ਫੁਰਮਾਨ ਹੈ:-

ਜੈ ਜੈ ਕਾਰੁ ਜਗਤ੍ਰ ਮਹਿ ਲੋਚਹਿ ਸਭਿ ਜੀਆ ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 808)

ਪਰ ਕੀਰਤੀ ਕਰਨ ਵਾਲੇ ਵਿਚ ਛੁਪਣ ਦੀ ਇੱਛਾ ਬਣੇਗੀ। ਕਹੁ ਨਾਨਕ ਸਭ ਤੇਰੀ ਵਡਿਆਈ ਕੋਈ ਨਾਉ ਨ ਜਾਣੈ ਮੇਰਾ ॥ ਦੀ ਅਗੰਮੀ ਵਿਚਾਰ ਸਾਨੂੰ ਪ੍ਰਗਟ ਹੋਣ ਦੀ ਇੱਛਾ ਤੋਂ ਹੋੜ੍ਹ ਲਵੇਗੀ। ਫਿਰ ਐਉਂ ਲੱਗੇਗਾ ਕਿ

ਜੇ ਅਜ ਮੈਨੂੰ 100 ਵਿਅਕਤੀ ਜਾਣਦੇ ਹਨ ਤੇ ਕੱਲ ਨੂੰ 200 ਜਾਂ 500 ਜਾਣ ਲੈਣਗੇ ਤਾਂ ਕੀ ਹੋ ਜਾਵੇਗਾ? ਫਿਰ ਅਜਿਹਾ ਜੀਵ ਆਪਣੇ ਆਪ ਨੂੰ ਆਪ ਹੀ ਅੱਗੇ ਲਿਆਉਣ ਦਾ ਯਤਨ ਨਹੀਂ ਕਰੇਗਾ। ਸਗੋਂ ਪਿਛੇ ਰਹਿਣ ਦੀ ਲਾਲਸਾ ਜਾਗੇਗੀ। ਜਦ ਸਚਮੁਚ ਵਡਿਆਈਆਂ ਲੈਣ ਦੀ ਇੱਛਾ ਦਾ ਖੁਰਾ ਖੋਜ ਹੀ ਮਨ ਵਿਚੋਂ ਮਿਟ ਜਾਏਗਾ ਤਾਂ ਸਹਸਕ੍ਰਿਤੀ ਸਲੋਕ ਅਨੁਸਾਰ ਪਾਛੰ ਕਰੋਤਿ ਅਗ੍ਰਣੀਵਹ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ ੧੩੫੫) ਅਜਿਹੇ ਪਿੱਛੇ ਰਹਿਣ ਦੀ ਇੱਛਾ ਵਾਲੇ ਜੀਉੜਿਆਂ ਨੂੰ ਅਕਾਲ ਪੁਰਖ ਆਪ ਹੀ ਅੱਗੇ ਕਰ ਦੇਵੇਗਾ । ਦੂਜੇ ਪਾਸੇ ਜੋ ਵਡਿਆਈਆਂ ਲੈਣ ਦੇ ਮਗਰ ਭਜਦੇ ਰਹਿਣਗੇ ਉਹ ਬਹੁਤ ਕੁਝ ਪਾ ਕੇ ਵੀ ਮਨੋਂ ਹੋਲੇ ਹੀ ਹੋਣਗੇ ਤੇ ਘਬਰਾਹਟਾਂ ਦੇ ਹੌਲ ਉਨ੍ਹਾਂ ਨੂੰ ਪੈਂਦੇ ਹੀ ਰਹਿਣਗੇ।ਪਉੜੀਆਂ

ਪਰ ਇਹ ਅਧਿਆਤਮਕ ਮਾਰਗ ਸਿੱਧਾ ਪੱਧਰਾ ਰਾਹ ਨਹੀਂ, ਮਾਰਗ ਬਿਖਮ ਹੈ। ਇਸ ਰਾਹ ਵਿਚ ਪਉੜੀਆਂ ਹੁੰਦੀਆਂ ਹਨ ਤੇ ਮਿਹਨਤ ਲੱਗਦੀ ਹੈ ਪਉੜੀਆਂ ਚੜਨ ਵਿੱਚ। ਸਿੱਧਾ ਸਪਾਟ ਤਾਂ ਭਾਵੇਂ ਕਾਫੀ ਵਾਟ ਚੱਲੀ ਜਾ ਸਕਦੀ ਹੈ ਪਰ ਚੜਾਈ ਚੜਣ ਲੱਗਿਆਂ ਤਾਂ ਥੋੜੇ ਸਮੇਂ ਵਿੱਚ ਹੀ ਬਹੁਤਿਆਂ ਦੀ ਬਸ ਹੋ ਜਾਂਦੀ ਹੈ।

ਇਕ ਦਿਨ ਜਪੁਜੀ ਸਾਹਿਬ ਦਾ ਪਾਠ ਕਰਦਿਆਂ ਮਨ ਜੁੜਿਆ ਹੀ ਨਹੀਂ। ਬਾਰ ਬਾਰ ਵਿਚਾਰ ਆਂਦਾ ਰਿਹਾ ਕਿ ਇਸ ਬਾਣੀ ਵਿੱਚ 38 ਪਉੜੀਆਂ ਹਨ। ਪਉੜੀਆਂ, ਪਉੜੀਆਂ, ਪਉੜੀਆਂ......। ਭਾਵ ਇਕ ਹੀ ਥਾਂ ਤੇ ਖੜ੍ਹੇ ਨਹੀਂ ਰਹਿਣਾ ਸਗੋਂ ਅਗਲੇ ਤੋਂ ਅਗਲੀ ਪਉੜੀ ਚੜ੍ਹਨੀ ਹੈ। ਅਧਿਆਤਮਕ ਮਾਰਗ ਤੇ ਚੜਦਿਆਂ ਹਰ ਪਉੜੀ ਅੰਤਿਮ ਹੀ ਲੱਗਦੀ ਹੈ। ਜਾਪਦੈ – ਜੋ ਮੈਂ ਭਾਲ ਰਿਹਾ ਸੀ ਉਹ ਮਿਲ ਗਿਆ ਹੈ ਤੇ ਇਹ ਹੁਣ ਅੰਤਿਮ ਸੱਚ ਹੈ। ਜਦੋਂ ਗੁਰਦੁਆਰੇ ਨਹੀਂ ਸੀ ਜਾਂਦਾ ਤਾਂ ਲੱਗਦਾ ਸੀ ਕਿ ਜੇ ਗੁਰਦੁਆਰੇ ਜਾਣ ਦੀ ਰੁਟੀਨ ਬਣ ਜਾਵੇ ਤਾਂ ਕਿੰਨਾ ਚੰਗਾ ਹੋਵੇ। ਬਣ ਗਈ। ਹਰ ਰੋਜ਼ ਨੇਮ ਨਾਲ ਸਵੇਰੇ ਸ਼ਾਮ ਗੁਰਦੁਆਰਾ ਸਾਹਿਬ ਜਾਵਾਂ। ਵਾਹ ਜੀ ਵਾਹ! ਲੱਗਦਾ ਸੀ ਕਿ ਇਹ ਸਭ ਕੁੱਝ ਹੈ।ਪਰ ਕੁੱਝ ਚਿਰਾਂ ਮਗਰੋਂ ਪਤਾ ਲੱਗਾ ਕਿ ਕੇਵਲ ਜਾਣਾ ਹੀ ਜ਼ਰੂਰੀ ਨਹੀਂ। ਪਾਠ ਕਰਨਾ ਚਾਹੀਦਾ ਹੈ। ਹੌਲੀ-ਹੌਲੀ ਪਾਠ ਕਰਨ ਦੀ ਰੁਟੀਨ ਬਣਨ ਲੱਗ ਪਈ। ਵਾਹ! ਬੜਾ ਮਜ਼ਾ ਆਉਂਦਾ ਸੀ ਪਾਠ ਕਰਨ ਦਾ। ਸਹਿਜੇ-ਸਹਿਜੇ ਨਿਤਨੇਮ ਕਰਨ ਦੀ ਆਦਤ ਪੈਣ ਲੱਗ ਪਈ। ਲੱਗਦਾ ਸੀ ਜੋ ਨਿਤਨੇਮ ਕਰਦਾ ਹੈ ਬਸ ਉਹ ਪ੍ਰਵਾਨ ਹੈ। ਇਹ ਹੀ ਅੰਤਿਮ ਸੱਚ ਹੈ। ਅੰਤਿਮ ਪੜਾਅ ਹੈ।ਪਰ ਨਹੀਂ, ਕੁਝ ਚਿਰਾਂ ਪਿੱਛੋਂ ਸਮਝ ਮਿਲੀ ਕਿ ਨਿਤਨੇਮ ਕਰਨਾ ਹੀ ਨਹੀਂ ਵਿਚਾਰਨਾ ਵੀ ਹੈ। ਪਤਾ ਤੇ ਲੱਗੇ ਕਿ ਜੋ ਮੈਂ ਪੜ ਰਿਹਾ ਹਾਂ ਉਸਦੇ ਅਰਥ ਕੀ ਹਨ, ਮੈਂ ਕੀ ਅਰਦਾਸ ਕਰ ਰਿਹਾ ਹਾਂ, ਮੈਂ ਪ੍ਰਮਾਤਮਾ ਦੇ ਕਿਹੜੇ ਗੁਣ ਗਾ ਰਿਹਾ ਹਾਂ। ਇਸ ਅਵਸਥਾ ਤੇ ਲਗਨ ਲੱਗ ਗਈ।
ਅਨਦਿਨ ਕੀਰਤਨ / ਆਠ ਪਹਰ ਗੁਣ ਗਾਇਣ ਕਰਨੇ:

ਗੁਰਬਾਣੀ ਫੁਰਮਾਨ ਹੈ:-

ਸਿਮਰਿ ਸਿਮਰਿ ਨਾਨਕ ਸੁਖੁ ਪਾਇਆ ॥ ਆਠ ਪਹਰ ਤੇਰੇ ਗੁਣ ਗਾਇਆ॥
ਸਗਲ ਮਨੋਰਥ ਪੂਰਨ ਹੋਏ ਕਦੇ ਨ ਹੋਇ ਦੁਖਾਲਾ ਜੀਉ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 106)।

ਇਕ ਦਿਨ ਵਿਚ ਅੱਠ ਪਹਰ ਮੰਨੇ ਜਾਂਦੇ ਹਨ। ਭਾਵ ਹਰ 3 ਘੰਟੇ ਬਾਅਦ ਨਵਾਂ ਪਹਿਰ ਅਰੰਭ ਹੋ ਜਾਂਦਾ ਹੈ। ਅਠ ਪਹਰ ਭਾਵ 24 ਘੰਟੇ ਗੁਣ ਗਾਈਏ। ਕਿਉਂ ? ਇੰਝ ਕਈ 24 ਘੰਟੇ ਗੁਣ ਗਾਉਣੇ ਤੰਤੀ ਸਾਜਾਂ ਜਾਂ ਵਾਜੇ ਤਬਲੇ ਨਾਲ ਤਾਂ ਸੰਭਵ ਨਹੀਂ। ਫਿਰ? ਸਪਸ਼ਟ ਹੈ ਕਿ ਇਥੇ 'ਗਾਈਏ' ਸਿਰਫ 'ਗਾਇਣ' ਦੇ ਸੰਦਰਭ ਵਿਚ ਹੀ ਨਹੀਂ ਹੈ। ਸਗੋਂ ਗਾਈਏ ਦਾ ਭਾਵ ਹੈ ਮਨਸਾ, ਵਾਚਾ, ਕਰਮਨਾ ਯਾਦ ਕਰਨਾ। ਕੇਵਲ ਵਾਚਕ ਕਰਮ ਨਹੀਂ ਸਗੋਂ ਮਨ ਕਰਕੇ ਯਾਦ ਕਰਨਾ ਅਤੇ ਚੰਗੇ ਕਰਮ ਕਰਨ ਨਾਲ ਵੀ ਗੁਣ ਗਾਏ ਜਾਂਦੇ ਹਨ। ਪਰਮਾਤਮਾ ਗੁਣਾਂ ਦਾ ਸਾਗਰ ਹੈ। ਸਾਰੇ ਗੁਣ ਉਸ ਵਿਚੋਂ ਹੀ ਉਪਜਦੇ ਹਨ (ਘੋਦ ਸਿ ਟਹਏ ਸ੍ੋਰਚਏ ੋਡ ਓਲਲ ਵਰਿਟੁਏਸ) । ਉਸਦੀ ਕੀਰਤੀ ਕਰਨ ਵਾਲਾ ਇਸ ਗੁਣ ਸਾਗਰ ਵਿਚੋਂ ਗੁਣ ਗ੍ਰਹਿਣ ਕਰਨ ਲੱਗ ਪੈਂਦਾ ਹੈ। ਜਿਵੇਂ ਜਿਵੇਂ ਗੁਣ ਵਧਦੇ ਹਨ ਅਵਗੁਣ ਘਟੀ ਜਾਂਦੇ ਹਨ।

ਸਾਡਾ ਕੀਰਤਨ ਗਾਵਿਆ ਤੇ ਸੁਣਿਆ ਥਾਇ ਪੈ ਰਿਹਾ ਹੈ ਕਿ ਨਹੀਂ? ਇਹ ਜਾਨਣਾ ਬੜਾ ਹੀ ਸੁਖੈਨ ਹੈ। ਜੇ ਕੀਰਤੀ ਕਰਦਿਆਂ ਕਰਦਿਆਂ ਮੇਰੇ ਗੁਣ ਵਧ ਰਹੇ ਹਨ ਤਾਂ ਸਮਝੋ ਕੀਤੀ ਭਗਤੀ ਥਾਇ ਪੈ ਰਹੀ ਹੈ ਜੇ ਨਹੀਂ ਤਾਂ? ਜੇ ਨਹੀਂ! ਤਾਂ ਸਮਝੀਏ ਕੇਵਲ ਕੰਠ ਤੇ ਕਰਨ ਹੀ ਆਪਣੀ ਕਾਰਵਾਈ ਪਾ ਰਹੇ ਹਨ।

ਸਾਜਾਂ ਰਾਹੀਂ ਕੀਰਤਨ ਕਰਦਿਆਂ ਕਰਦਿਆਂ ਅਸਲ ਵਿਚ ਅਸੀਂ 'ਸਹਿਜ ਭਾਇ ਗੁਣ ਗਾਇ॥' ਦੀ

ਅਵਸਥਾ ਤੇ ਪੁਜਣਾ ਹੈ। ਜਦੋਂ ਸਾਡੇ ਸੁਭਾਗੇ ਘਰ ਵਿਚ 'ਵਾਜੇ ਪੰਚ ਸਬਦਿ' ਦੀ ਅਵਸਥਾ ਬਣ ਜਾਏਗੀ। ਜਦੋਂ ਅਸੀਂ ਗੁਰਬਾਣੀ ਪੜ੍ਹਦੇ-ਸੁਣਦੇ ਹਾਂ ਕਿ 'ਕਲਿਜੁਗ ਮਹਿ ਕੀਰਤਨ ਪਰਧਾਨਾ' ਤਾਂ ਸਾਡੇ ਮਨ ਵਿਚ ਵਾਜੇ ਤਬਲੇ ਜਾਂ ਤੰਤੀ ਸਾਜਾਂ ਨਾਲ ਕੀਰਤਨ ਕਰਨ ਦਾ ਰੂਪ ਨਜ਼ਰੀ ਪੈਂਦਾ ਹੈ। ਪਰ ਕੀਰਤੀ ਸਾਜਾਂ ਤੋਂ ਬਿਨਾਂ ਵੀ ਸੰਭਵ ਹੈ। ਆਰੰਭਤਾ ਸਾਜਾਂ ਨਾਲ ਹੈ ਪਰ ਅਨਦਿਨ ਕੀਰਤਨ ਤੇ ਆਠ ਪਹਰ ਗੁਣ ਸਾਜਾਂ ਨਾਲ ਸੰਭਵ ਨਹੀਂ। ਇਹ ਅਨਦਿਨ ਕੀਰਤਨ ਪ੍ਰਭੂ ਸਿਮਰਨ ਦਾ ਹੈ, ਖੇੜੇ ਦਾ ਹੈ।

ਗਾਇਣ ਰਾਹੀਂ ਕੀਰਤੀ ਸਰਵੋਤਮ ਹੈ ਪਰ ਗੁਰਬਾਣੀ ਵਿਚ ਕੇਵਲ 'ਸਬਦ ਗਾਵਣ' ਤੇ 'ਸਬਦੁ ਵਜਾਇਆ' ਦੀ ਹੀ ਗਲ ਨਹੀਂ ਸਗੋਂ ਹੋਰ ਵੀ ਬਹੁਤ ਰੂਪ ਹਨ। ਜਿਵੇਂ:- 'ਸਬਦੁ ਸੁਣੀ', 'ਸਬਦੁ ਸੁਣਾਇਆ', 'ਸਬਦੁ ਕਥਿ', 'ਸਬਦੁ ਜਪਿ', 'ਸਬਦੁ ਲਿਖਾਈਐ'। ਉਪਰੰਤ 'ਸਬਦੁ ਪਛਾਨੁ', 'ਸਬਦੁ ਚੀਨਿ', 'ਸਬਦੁ ਵੀਚਾਰਿ', ਸਬਦੁ ਕਮਾਈਐ, ਸਬਦਿ ਸਲਾਹੀ, ਸਬਦੁ ਸਮਾਲਿ, ਸਬਦੁ ਬੁਝਾਏ, ਸਬਦੁ ਪਾਵੈ, ਸਬਦੁ ਧਿਆਇਆ, ਸਬਦੁ ਸੀਗਾਰੁ, ਸਬਦੁ ਬਸਾਵੈ, ਸਬਦੁ ਵਸੈ, ਸਬਦੁ ਰਸਾਲੁ, ਸਬਦਿ ਸਵਾਰਣਹਾਰੁ, ਸਬਦਿ ਸਮਾਣਿਆ, ਸਬਦੁ ਸੰਜੋਈ, ਸਬਦੁ ਸੁਭਾਖਿਆ, ਸਬਦੁ ਰਵਈਆ, ਸਬਦੁ ਨੀਸਾਣਿਆ, ਸਬਦੁ ਰਵੈ, ਸਬਦੁ ਅਨੰਦੁ, ਸਬਦੁ ਅਚਾਰੁ, ਸਬਦਿ ਪਰੋਵੈ, ਸਬਦਿ ਰਤੇ...ਆਦਿ ਅਨੇਕਾਂ ਰੂਪ ਹਨ। ਇੰਝ 'ਸ਼ਬਦ ਅਨੰਦ ਦੀਆਂ ਵਖ ਵਖ ਅਵਸਥਾਵਾਂ ਤੇ ਪੁਜਿਆ ਜਾ ਸਕਦਾ ਹੈ। ਸੰਖੇਪ ਵਿਚ ਰਸਮਈ ਕੀਰਤਨ ਦੇ ਪੰਜ ਰੂਪ ਮਿਥੇ ਜਾ ਸਕਦੇ ਹਨ:-

1. ਕੀਰਤਨ - ਸ੍ਰਵਣ
2. ਕੀਰਤਨ - ਸ੍ਰਵਣ ਅਨੰਦ ਤੇ ਮਹਾ ਅਨੰਦ
3. ਕੀਰਤਨ - ਸ੍ਰਵਣ, ਵੀਚਾਰ, ਅਨੰਦ
4. ਕੀਰਤਨ - ਸ੍ਰਵਣ-ਵਿਚਾਰ, ਅਨੰਦ, ਕਮਾਈ
5. ਕੀਰਤਨ - ਸ੍ਰਵਣ-ਵਿਚਾਰ-ਕਮਾਇਣ-ਸਮਾਇਣ

ਖਿੜ ਕੇ ਕੀਰਤਨ ਕਰੀਏ, ਖਿੜ ਕੇ ਕੀਰਤਨ ਸੁਣੀਏ

ਕੀਰਤਨ ਦੇ ਰਸਮਈ ਰੂਪ ਦਾ ਅਨੰਦ ਭੁੰਚਣ ਲਈ ਅਨਦਿਨ ਵਿਚਾਰ-ਵਿਚਾਰ ਕੇ, ਖਿੜ-ਖਿੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪੂਰਨ ਸਹਿਜ ਪਾਠ ਆਪ ਕਰੀਏ। ਸੰਗੀ ਜਨਾਂ ਨਾਲ ਰੋਜ਼ ਦੇ ਅਨੁਭਵ ਸਾਂਝੇ ਕਰੀਏ। ਸ਼ਰਧਾ ਤੇ ਪ੍ਰੇਮ ਨਾਲ ਓਤਪੋਤ ਹੋ ਕੇ ਗਿਆਨ ਖੜ੍ਹਗ ਧਾਰਨ ਕਰੀਏ। ਗੁਰਬਾਣੀ ਦੇ ਸ਼ਬਦ ਜੋੜਾਂ ਨੂੰ ਵੇਖਣ, ਪਰਖਣ ਤੇ ਮਾਨਣ ਦੀ ਆਦਤ ਪਾਈਏ। ਸੰਨ 2002 ਵਿਚ ਪੰਜਾਬ ਵਿਚ ਆਰੰਭ ਹੋਈ ਸਹਿਜ ਪਾਠ ਲਹਿਰ ਵਿਚ ਬਚਿਆਂ ਨੂੰ ਪਾਠ ਕਰਨ ਦੇ ਪੰਜ ਢੰਗ ਦੱਸੇ ਗਏ ਸੀ । ਇਹਨਾਂ ਪੰਜ ਢੰਗਾਂ ਨਾਲ ਪਾਠ ਕਰਨ ਵਿਚ ਬੱਚਿਆਂ ਦੇ ਜੀਵਨ ਵਿਚ ਅਗੰਮੀ ਬਦਲਾਅ ਆਏ।

1. ਬੋਲ-ਬੋਲ ਕੇ
2. ਰੁਕ-ਰੁਕ ਕੇ
3. ਸਮਝ-ਸਮਝ ਕੇ
4. ਮੁਸਕੁਰਾ-ਮੁਸਕੁਰਾ ਕੇ
5. ਬਾਰ-ਬਾਰ

ਇਹਨਾਂ ਵਿੱਚੋਂ ਚੋਥਾ ਢੰਗ ਮੁਸਕੁਰਾ-ਮੁਸਕੁਰਾ ਕੇ ਪਾਠ ਕਰਨਾ ਸਭ ਤੋਂ ਔਖਾ ਹੈ ਜਾਂ ਤੇ ਇਹ ਯਾਦ ਹੀ ਨਹੀਂ ਆਂਦਾ ਜਾਂ ਸ਼ੁਰੂ ਕਰਨ ਉਪਰੰਤ ਫਿਰ ਭੁਲ ਜਾਂਦਾ ਹੈ। ਹੁਣ ਮੈਨੂੰ ਲੱਗਦਾ ਹੈ ਕਿ ਸਾਨੂੰ ਕੀਰਤਨ ਵੀ ਮੁਸਕੁਰਾ ਕੇ ਕਰਨਾ ਤੇ ਸੁਣਨਾ ਚਾਹੀਦਾ ਹੈ। ਖਿੜ੍ਹ ਕੇ ਕੀਰਤਨ ਕਰਨਾ ਉਚੇ ਅਧਿਆਤਮਕ ਮੰਡਲ ਦੀਆਂ ਸੈਰਾਂ ਵਾਂਗ ਬਣ ਜਾਂਦਾ ਹੈ।

ਜਿੱਥੇ ਖਿੜ੍ਹ ਕੇ ਕੀਰਤਨ ਕਰਨ ਦੀ ਗੱਲ ਹੈ ਉਥੇ ਖਿੜ੍ਹ ਕੇ, ਮੁਸਕੁਰਾ ਕੇ ਕੀਰਤਨ ਸੁਣਨ ਨਾਲ ਵੀ ਘਣਾ ਅਨੰਦ ਬਣ ਜਾਂਦਾ ਹੈ। ਕਹਿੰਦੇ ਹਨ – It is not the position but disposition that matters. ਭਾਵ ਤੁਹਾਡੀ ਪਰਿਸਥਿਤੀ ਨਹੀਂ ਸਗੋਂ ਮਨੋਸਥਿਤੀ ਜਿਆਦਾ ਜਰੂਰੀ ਹੈ। ਜੇ ਮਨ ਬਲਵਾਨ ਹੈ ਤਾਂ ਮੁਸ਼ਕਿਲਾਂ ਛੋਟੀਆਂ ਹੋ ਜਾਂਦੀਆਂ ਹਨ। ਜੇ ਮਨ ਖਿੜ੍ਹ ਕੇ ਕੀਰਤਨ ਸੁਣਦਾ ਹੈ ਤਾਂ ਚਹੁ ਉਮਾਹਾ ਹੋ ਜਾਂਦਾ ਹੈ। ਰਸਾਲਾ ਪਿਰ ਵੀ ਮਿਲ ਜਾਂਦਾ ਹੈ।

ਪਿਰੁ ਰੀਸਾਲੂ ਤਾ ਮਿਲੈ ਜਾ ਗੁਰ ਕਾ ਸਬਦੁ ਸੁਣੀ ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 18)
ਭਗਤ ਜਨਾ ਕਉ ਸਦਾ ਅਨੰਦੁ ਹੈ ਹਰਿ ਕੀਰਤਨੁ ਗਾਇ ਬਿਗਸਾਵੈ ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 373)
ਹੋਵੈ ਸੁਖੁ ਘਣਾ ਦਯਿ ਧਿਆਇਐ ॥ ਵੰਞੈ ਰੋਗਾ ਘਾਣਿ ਹਰਿ ਗੁਣ ਗਾਇਐ ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 520)

ਪ੍ਰੋਫੈਸਰ ਜਰਨਲਿਜ਼ਮ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ, 09814612004

# ਗੁਰੂ ਨਾਨਕ ਦੇਵ ਜੀ ਦੇ ਕੀਰਤਨੀਏ ਭਾਈ ਸਹਿਜਾਦਾ ਤੇ ਭਾਈ ਦਾਲਾ ਜੀ

ਡਾ. ਗੁਰਨਾਮ ਸਿੰਘ

ਸਿੱਖ ਇਤਿਹਾਸ ਦੇ ਸਰੋਤ ਗੁਰੂ ਕੇਂਦਰਿਤ ਹੋਣ ਕਰਕੇ ਗੁਰੂ ਕਾਲ ਦੇ ਕੀਰਤਨੀਆਂ ਸਬੰਧੀ ਉਲੇਖ ਵਿਸ਼ੇਸ਼ ਯਤਨਾਂ ਨਾਲ ਹੀ ਲੱਭਦਾ ਹੈ। ਗੁਰੂ ਨਾਨਕ ਦੇਵ ਜੀ ਦੇ ਅੰਗ ਸੰਗ ਵਿਚਰਨ ਵਾਲੇ ਭਾਈ ਮਰਦਾਨਾ ਤੋਂ ਬਿਨਾਂ ਬਾਕੀ ਕੀਰਤਨਕਾਰਾਂ ਸਬੰਧੀ ਭਿੰਨ ਭਿੰਨ ਹਵਾਲਿਆਂ ਨੂੰ ਜੋੜਕੇ ਹੀ ਸ਼ਖਸੀਅਤ ਉਘੜਦੀ ਹੈ ਜਦੋਂ ਕਿ ਇਹ ਕੀਰਤਨਕਾਰ ਗੁਰਮਤਿ ਸੰਗੀਤ ਦੇ ਖੋਜ ਅਧਿਐਨ ਤੇ ਅਧਿਆਪਨ ਪਖੋਂ ਵਿਸ਼ੇਸ਼ ਮਹੱਤਵ ਰੱਖਦੇ ਹਨ।

ਗੁਰੂ ਨਾਨਕ ਸਾਹਿਬ ਦੇ ਨਾਲ ਭਾਈ ਮਰਦਾਨਾ ਤੋਂ ਬਿਨਾ ਇਸ ਕਾਲ ਦੇ ਦੋ ਹੋਰ ਰਬਾਬੀ ਭਾਈ ਮਰਦਾਨਾ ਦੇ ਪੁੱਤਰ ਭਾਈ ਸਹਿਜਾਦਾ (ਸਜਾਦਾ) ਅਤੇ ਭਾਈ ਦਾਲਾ ਦਾ ਜ਼ਿਕਰ ਇਤਿਹਾਸ ਵਿਚੋਂ ਮਿਲਦਾ ਹੈ। ਮਹਾਨ ਕੋਸ਼ ਅਨੁਸਾਰ ਭਾਈ ਸਜਾਦਾ ਭਾਈ ਮਰਦਾਨਾ ਦਾ ਪੁੱਤਰ ਸੀ ਜੋ ਭਾਈ ਮਰਦਾਨੇ ਪਿਛੋ ਗੁਰੂ ਨਾਨਕ ਦੇਵ ਜੀ ਦੇ ਦਰਬਾਰ ਵਿਖੇ ਕੀਰਤਨ ਕਰਦਾ ਰਿਹਾ। ਜਿਸ ਸਬੰਧੀ ਸ੍ਰੀ ਗੁਰੂ ਨਾਨਕ ਪ੍ਰਕਾਸ਼ (ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਸਟੀਕ ਭਾਗ ਦੂਜਾ, ਪੰਨਾ 41920) ਦੇ ਹਵਾਲੇ ਅਨੁਸਾਰ ਭਾਈ ਮਰਦਾਨੇ ਦੇ ਚਲਾਣੇ ਪਿਛੋਂ ਗੁਰੂ ਨਾਨਕ ਪਾਤਸ਼ਾਹ ਤਲਵੰਡੀ ਆਏ ਅਤੇ ਭਾਈ ਸਜਾਦੇ ਨੂੰ ਮਿਲੇ ਇਸ ਹਵਾਲੇ ਦਾ ਬਿਆਨ ਇਸ ਤਰਾਂ ਹੈ :

ਦਰ ਠਾਂਢੇ ਹ੍ਵੈ ਸਹਿਜ ਬੁਲਾਯੋ। ਸੁਨਿ ਸ਼ਹਿਜ਼ਾਦਾ ਬਾਹਰ ਆਯੋ।

– – – – – – – – – – – – – – – – – – – – – –

ਜਾਇ ਜਬਹਿ ਦਰਸ਼ਨ ਕੋ ਕੀਨੋ। ਚਰਨਾਂਬੁਜ ਮਹਿਂ ਸਿਰ ਧਰਿ ਦੀਨੋ।

ਸ੍ਰੀ ਗੁਰ ਤਿਹ ਸੋਂ ਗਿਰਾ ਅਲਾਈ। 'ਤੋਹਿ ਤਾਤ ਕੀ ਬੈਸ ਬਿਹਾਈ ।।59।।

ਭਯੋ ਕਾਲਬਸਿ ਤਿਹ ਕੋ ਜਾਨਿ। ਜਹਿਂ ਖੁਰਮਾਪੁਰਿ ਅਹੈ ਮਹਾਨ।

ਤਹਿਂ ਲੇ ਚਲਨੋ ਅਬ ਤੁਝ ਤਾਈਂ। ਸੰਗ ਲੇਨਿ ਕੋ ਲੀਨ ਬੁਲਾਈ।।60।।

ਦੋਨੋ ਹਮਕੋ ਉਚਿਤ ਹੈ ਤੋਕੋ ਅਬ ਸਿਰੁਪਾਉ।

ਲੇਨੋ ਤੈਂ ਕਿਸ ਰੀਤਿ ਕੋ ਤੈਸੋ ਬਚਨ ਬਤਾਉ।।61।।

ਸੁਨਿ ਸ਼ਹਿਜਾਦੇ ਰਿਦੇ ਬਿਚਾਰੀ। ਸ੍ਰੀ ਪ੍ਰਭੁ ਸੋਂ ਪੁਨ ਗਿਰਾ ਉਚਾਰੀ।

'ਪਿਤ ਮੇਰੇ ਕੋ ਦੀਨੋ ਜੈਸੇ। ਕ੍ਰਿਪਾ ਧਾਰਿ ਦੀਜੈ ਮੁਝ ਤੈਸੇ' ।।62।।

'ਤੇਰੇ ਪਿਤਾ ਜਾਚਿਕੈ ਲੀਨੋ। ਅਗਨਿ ਦਾਹ ਤਿਹ ਕੋ ਹਮ ਦੀਨੋ।

ਤੂੰ ਅਬ ਚਲਿ ਰਹਿਯੇ ਤਿਹ ਥਾਨਾਂ। ਮਰਦਾਨੇ ਕੇ ਹੋਇ ਸਮਾਨਾ।।63।।

ਹੋਵਹਿ ਤਹਾਂ ਮਹਾਨ ਪ੍ਰਕਾਸ਼ਾ। ਬਸਹੁ ਸਦਾ ਕਰਿ ਅਪਨ ਅਵਾਸਾ।

ਪੁਨ ਜਯੋਂ ਮਨ ਹ੍ਵੈ ਕਰੀਅਹੁ ਤੈਸੇ। ਹਮਰੇ ਰਿਦੇ ਬਿਖੈ ਹੈ ਐਸੇ' ।।64।।

ਹਾਥ ਜੋਰਿ ਤਿਨ ਬਿਨੈ ਉਚਾਰੀ। 'ਮੈਂ ਰਾਵਰ ਕੇ ਨਿਤ ਅਨੁਸਾਰੀ।

ਜੈਸੋ ਪਿਤਾ ਤੁਮਾਰੋ ਦਾਸੂ। ਤੈਸੇ ਮੁਝ ਜਾਨਹੁ ਸੁਖਰਾਸੂ*' ।।65।।

ਭਾਈ ਮਰਦਾਨੇ ਦੇ ਚਲਾਣੇ ਤੋਂ ਬਾਅਦ ਭਾਈ ਸਹਿਜਾਦਾ ਦਾ ਗੁਰੂ ਨਾਨਕ ਦੇਵ ਜੀ ਨਾਲ ਮਿਲਾਪ ਕੁਝ ਇਸ ਤਰ੍ਹਾਂ ਹੋਇਆ। ਦਰਵਾਜ਼ੇ ਤੇ ਖੜੇ ਹੋ ਕੇ ਸਹਿਜ ਨਾਲ ਮਰਦਾਨੇ ਦੇ ਪੁੱਤਰ ਸਹਿਜਾਦਾ ਨੂੰ ਬੁਲਾਇਆ ਤਾਂ ਸਹਿਜਾਦੇ ਨੇ ਗੁਰੂ ਨਾਨਕ ਪਾਤਸ਼ਾਹ ਦੇ ਕੋਲ ਜਾ ਕੇ ਜਦ ਗੁਰੂ ਜੀ ਦੇ ਦਰਸ਼ਨ ਕੀਤੇ ਤਾਂ ਚਰਨਾਂ ਤੇ ਸਿਰ ਧਰ ਦਿੱਤਾ। ਗੁਰੂ ਜੀ ਨੇ ਫਿਰ ਬਚਨ ਕੀਤੇ ਤੁਹਾਡੇ ਪਿਤਾ ਜੀ ਦੀ ਉਮਰ ਬੀਤ ਗਈ ਹੈ। ਉਨ੍ਹਾਂ ਨੂੰ ਕਾਲ ਵੱਸ ਹੋਇਆ ਜਾਣੋ। ਜਿਥੇ ਮਹਾਨ ਖੁਰਮਾਪੁਰ ਹੈ ਓਥੇ ਹੁਣ ਤੈਨੂੰ ਲੈ ਕੇ ਜਾਣਾ ਹੈ, ਨਾਲ ਖੜਨ ਵਾਸਤੇ ਤੈਨੂੰ ਬੁਲਾਇਆ ਹੈ। ਸਾਡੇ ਵਲੋਂ ਹੁਣ ਤੈਨੂੰ ਸਿਰੋਪਾ ਦੇਣਾ ਉਚਿਤ ਹੈ ਤੂੰ ਕਿਸ ਰੀਤੀ ਨਾਲ ਲੈਣਾ ਹੈ, ਤੈਸੀ ਗੱਲ ਦੱਸੋ। ਇਹ ਸੁਣ ਕੇ ਸਹਿਜਾਦੇ ਨੇ ਹਿਰਦੇ ਵਿਚ ਵਿਚਾਰ ਕੀਤੀ ਅਤੇ ਫਿਰ ਗੁਰੂ ਜੀ ਨੂੰ ਕਿਹਾ ਮੇਰੇ ਪਿਤਾ ਜੀ ਨੂੰ ਜਿਸ ਤਰ੍ਹਾਂ ਦਿੱਤਾ ਸੀ ਕਿਰਪਾ ਕਰਕੇ ਮੈਨੂੰ ਵੀ ਉਸ ਤਰ੍ਹਾਂ ਹੀ ਦੇ ਦੇਵੋ। ਗੁਰੂ ਜੀ ਨੇ ਕਿਹਾ ਤੇਰੇ ਪਿਤਾ ਜੀ ਨੇ ਮੰਗ ਕੇ ਲਿਆ ਸੀ। ਉਸ ਨੂੰ ਅਸੀਂ ਅਗਨੀ ਨਾਲ ਦਾਹ ਦਿੱਤਾ ਹੈ। ਤੂੰ ਹੁਣ ਚੱਲ ਕੇ ਉਸ ਥਾਂ ਰਹੋ ਅਤੇ ਮਰਦਾਨੇ ਦੇ ਸਮਾਨ ਹੋ ਜਾ। ਓਥੇ ਮਹਾਨ ਪ੍ਰਕਾਸ਼ ਹੋਵੇਗਾ ਅਤੇ ਸਦਾ ਲਈ ਓਥੇ ਆਪਣਾ ਵਾਸਾ ਕਰ ਲਵੋ ਫਿਰ ਜਿਵੇਂ ਮਨ ਹੋਵੇ ਵੈਸੇ ਕਰੋ ਸਾਡੇ ਦਿਲ ਵਿਚ ਤਾਂ ਇਸ ਤਰ੍ਹਾਂ ਹੈ। ਹੱਥ ਜੋੜ ਕੇ ਸ਼ਹਿਜ਼ਾਦੇ ਬੇਨਤੀ ਕੀਤੀ ਮੈਂ ਆਪ ਜੀ ਦਾ ਸਦਾ ਹੀ ਅਨੁਸਾਰੀ ਹਾਂ। ਜਿਵੇਂ ਮੇਰੇ ਪਿਤਾ ਜੀ ਤੁਹਾਡੇ ਸੇਵਕ ਸਨ, ਹੇ ਗੁਰੂ ਜੀ* ਮੈਨੂੰ ਵੀ ਵੈਸਾ ਹੀ ਜਾਣੋ।

ਭਾਈ ਬਾਲੇ ਵਾਲੀ ਜਨਮ ਸਾਖੀ, ਪੰਨਾ 882 ਵਿਚ ਭਾਈ ਸ਼ਹਿਜਾਦ ਨੂੰ ਖੁਰਮ ਸ਼ਹਿਰ ਲੈ ਕੇ ਜਾਣ ਦੇ ਪ੍ਰਸੰਗ ਵੀ ਹੈ ਜਿਥੇ ਮਰਦਾਨਾ ਦਾ ਅਕਾਲ ਚਲਾਣਾ ਹੋਇਆ।

"ਸ੍ਰੀ ਗੁਰੂ ਜੀ ਸੱਜਣ ਨੂੰ ਨਿਵਾਜਕੇ ਤੇ ਸ਼ਜਾਦੇ ਕੋ ਨਾਲ ਲੈ ਕੇ ਖੁਰਮੇ ਸ਼ਹਿਰ ਵਿਚ ਆਇ ਪ੍ਰਾਪਤ ਹੂਏ ਅਤੇ ਕਹਿਓ ਨੇ ਸ਼ਜਾਦਾ ਏਹ ਤੁਮਾਰੇ ਬਾਪ ਮਰਦਾਨੇ ਦੀ ਸਮਾਧ ਹੈ ਤਾਂ ਸ਼ਜਾਦੇ ਓਥੇ ਮੱਥਾ ਟੇਕਿਆ ਤਾਂ ਸ੍ਰੀ ਗੁਰੂ ਜੀ ਕਹਾ ਸ਼ਜਾਦਾ ਤੂੰ ਏਥੇ ਹੀ ਆਇ ਰਹੋ ਸ਼ਜਾਦਾ ਮਰਦਾਨਾ ਸਾਡਾ ਯਾਰ ਆਹਾ ਤਾਂ ਸ਼ਜਾਦੇ ਕਹਾ ਤਪਾ ਜੀ ਟੱਬਰ ਉਥੇ ਰਹੇ ਕਿ ਏਥੇ ਲੈ ਆਵਾਂ ਤਾਂ ਸ੍ਰੀ ਗੁਰੂ ਜੀ ਕਹਾ ਸ਼ਜਾਦਾ ਮਰਦਾਨੇ ਦੀ ਥਾਂ ਤੇਰੀ ਮੰਜੀ ਏਥੇ ਹੀ ਹੋਵੇਗੀ ਹੁਣ ਤੂੰ ਟੱਬਰ ਵੀ ਲੈ ਆਵੀਂ"

ਇਸ ਤਰ੍ਹਾਂ ਭਾਈ ਸਹਿਜਾਦਾ ਭਾਈ ਮਰਦਾਨੇ ਪਿਛੋਂ ਗੁਰੂ ਪਾਤਸ਼ਾਹ ਦੇ ਰਬਾਬੀ ਕੀਰਤਨੀਏ ਵਜੋਂ ਵਿਚਰਿਆ ਅਤੇ ਉਸ ਨੇ ਰਬਾਬੀ ਪਰੰਪਰਾ ਨੂੰ ਅਗਾਂਹ ਤੋਰਿਆ। ਭਾਈ ਮਰਦਾਨੇ ਦੀ ਅੰਸ ਬੰਸ ਅਫਗਾਨਿਸਤਾਨ ਤੇ ਹਿੰਦੁਸਤਾਨ ਦੋਵਾਂ ਸਥਾਨਾਂ 'ਤੇ ਚਲੀ ਇਹ ਖੋਜ ਦਾ ਵਿਸ਼ਾ ਹੈ ਜਿਸ ਦੀਆਂ ਪਰਤਾ ਅਸੀਂ ਖੋਲਦੇ ਰਹਾਂਗੇ।

ਗੁਰੂ ਨਾਨਕ ਦਰਬਾਰ ਦੇ ਇਕ ਹੋਰ ਰਬਾਬੀ ਕੀਰਤਨੀਏ ਭਾਈ ਦਾਲਾ ਜੀ ਹੋਏ ਹਨ।ਭਾਈ ਕਾਨ ਸਿੰਘ ਨਾਭਾ ਨੇ ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ (ਪੰਨਾ 630) ਵਿਚ ਭਾਈ ਦਾਲਾ ਨੂੰ ਅਕਾਲ ਰੂਪੀ ਗੁਰੂ ਨਾਨਕ ਦੇ ਸੰਗੀ ਭਾਈ ਮਰਦਾਨਾ ਦਾ ਸਬੰਧੀ ਦਰਸਾਇਆ ਹੈ। ਭਾਈ ਦਾਲਾ ਨੂੰ ਗੁਰੂ ਬਿਲਾਸ ਪਾਤਸ਼ਾਹੀ ਛੇਵੀ ਅਧਿਆਇ 4 ਪੰਨਾ 101 ਭਾਈ ਮਰਦਾਨੇ ਦਾ ਮਸੇਰ ਭਰਾ ਮੰਨਿਆ ਹੈ।

ਸੋ ਦਾਲਾ ਬਲਵੰਡ ਕਹਾਯੋ। ਮਰਦਾਨੇ ਸੱਤੇ ਬਪੁ ਪਾਯੋ।

ਮਸੇਰ ਭ੍ਰਾਤ ਦਾਲਾ ਮਰਦਾਨਾ। ਸਕੇ ਭ੍ਰਾਤ ਇਹ ਠਾਂ ਸੁਖਮਾਨਾ।।

ਭਾਈ ਦਾਲਾ ਗੁਰੂ ਨਾਨਕ ਦੇਵ ਜੀ ਹਜ਼ੂਰ ਕੀਰਤਨ ਕਰਿਆ ਕਰਦਾ ਸੀ ਅਤੇ ਭਾਈ ਮਰਦਾਨਾ ਅਤੇ ਭਾਈ ਦਾਲਾ ਮਿਲਕੇ ਵੀ ਕੀਰਤਨ ਕਰਦੇ ਸਨ ਇਸਦਾ ਇਕ ਹਵਾਲਾ ਇਸ ਗੁਰ ਬਿਲਾਸ ਪਾਤਸ਼ਾਹ ਛੇਵੀਂ

ਅਧਿਆਇ 4 ਪੰਨਾ 100 ਵਿਚ ਇਸ ਤਰ੍ਹਾਂ ਹੈ :

ਏਕ ਅਨੀਹ ਰੂਪ ਗੁਰ  ਨਾਨਕ। ਰਾਵੀ ਤਟ ਬੈਠੇ ਸੁਖ ਮਾਨਕ। ।

ਦਾਲ ਡੂਮ ਸਾਥਿ ਮਰਦਾਨੇ। ਢੂੰਢਤ ਆਏ ਗੁਰ ਨਿਕਟਾਨੇ। ।

ਮਰਦਾਨੇ ਕੋ ਤਬ ਗੁਰ ਕਹਾ। ਰਬਾਬ ਬਜਾਵੋ ਅਨੰਦ ਲਹਾ।

ਰਬਾਬ ਬਜਾਯੋ ਤਿਹ ਵਡਭਾਗੇ। ਆਪ ਦਾਲੇ ਸਿਉ ਗਾਵਨ ਲਾਗੇ। ।

ਉਕਤ ਹਵਾਲੇ ਤੋਂ ਪ੍ਰਤੱਖ ਹੈ ਕਿ ਭਾਈ ਦਾਲਾ ਇਕ ਕੁਸ਼ਲ ਰਬਾਬੀ ਗਾਇਕ ਸੀ ਜੋ ਗੁਰੂ ਨਾਨਕ ਦੇਵ ਜੀ ਦੇ ਸੰਗ ਕੀਰਤਨ ਕਰਨ ਦੀ ਕਾਬਲੀਅਤ ਰਖਦਾ ਸੀ।

ਫਿਰ ਇਸ ਗਾਇਨ ਦੇ ਅਗੰਮੀ ਪ੍ਰਭਾਵ ਦਾ ਵਿਖਿਆਨ ਇਸ ਤਰ੍ਹਾਂ ਕੀਤਾ ਗਿਆ ਹੈ ਜਿਸ ਅਨੁਸਾਰ ਰਾਗ ਸੁਣਕੇ ਸਾਰੇ ਜੀਵ ਮੋਹੇ ਗਏ :

ਘੜੀ ਜੁਗਲ ਦਿਨੁ ਜਬੈ ਰਹਾਈ। ਆਸਾ ਰਾਗਨੀ ਸ੍ਰੀ ਗੁਰ ਗਾਈ।

ਸੁਨਤ ਰਾਗ ਪੰਛੀ ਮ੍ਰਿਗ ਮੋਹੇ। ਬੈਰ ਭਾਵ ਨਿਜ ਮਨਿ ਨਹਿ ਜੋਹੇ। ।

ਉਕਤ ਹਵਾਲੇ ਤੋਂ ਕਸਬੀ ਗਾਇਨ ਹੋਣ ਦੇ ਨਾਤੇ ਸੁਭਾਵਿਕ ਹਉਮੈ ਆਉਣ ਦਾ ਉਲੇਖ ਵੀ ਹੈ ਜੋ ਹਰ ਕੀਰਤਨੀਏ ਨੂੰ ਹਉਮੈ ਰਹਿਤ ਹੋ ਕੇ ਸੰਪੂਰਣ ਸਮਰਪਣ ਨਾਲ ਗਾਉਣ ਦੀ ਪ੍ਰੇਰਨਾ ਦਿੰਦਾ ਹੈ। ਭਾਈ ਮਰਦਾਨਾ ਭਾਈ ਦਾਲਾ ਭਾਂਵੇ ਖਾਨਦਾਨੀ ਕਸਬੀ ਸਨ ਪਰੰਤੂ ਉਹਨਾਂ ਦੇ ਹੁਨਰ ਉਤੇ ਗੁਰੂ ਨਾਨਕ ਪਾਤਸ਼ਾਹ ਦੀ ਇਲਾਹੀ ਨਦਰਿ ਸੀ। ਗੁਰ ਬਿਲਾਸ ਪਾਤਸ਼ਾਹ ਛੇਵੀਂ ਅਧਿਆਇ 4 ਪੰਨਾ 100 ਅਨੁਸਾਰ

ਸ੍ਰੀ ਗੁਰ ਨਾਨਕ ਤਬ ਕਹਾ ਤੁਮੈ ਮਾਨੁ ਇਹ ਕੀਨੁ।

ਮਾਨ ਸਹਿਤ ਕਲਿਆਨ ਨਹਿ, ਕ੍ਰੋਰ ਜਤਨ ਚਿਤਿ ਚੀਨ। ।

ਤਬ ਦੁਹੂੰਅਨ ਬਿਨਤੀ ਕਰੀ ਹੇ ਪ੍ਰਭ ਬਖਸ ਦਿਆਲ।

ਸ੍ਰੀ ਗੁਰੂ ਨਾਨਕ ਤਬ ਕਹਾ ਲਿਖ ਚਤੁਰਾਨਨ ਭਾਲਿ। ।

ਸਾਖੀ ਅਨੁਸਾਰ ਭਾਈ ਮਰਦਾਨਾ ਤੇ ਭਾਈ ਦਾਲਾ ਦੇ ਇਸ ਗੁਮਾਨ ਦੇ ਗੁਨਾਹ ਨੂੰ ਪੰਜਵੇਂ ਜਾਮੇ 'ਚ ਬਖਸਿਆ। ਗੁਰਮਤਿ ਸੰਗੀਤ ਦੇ ਕੀਰਤਨਕਾਰ ਦੇ ਜੀਵਨ ਸਬੰਧੀ ਉਕਤ ਹਵਾਲੇ ਤੇ ਵੇਰਵੇ ਸਾਨੂੰ ਗੁਰਮਤਿ ਅਨੁਸਾਰ ਸ਼ਬਦ ਕੀਰਤਨ ਕਰਨ ਅਤੇ ਆਦਰਸ਼ ਰੂਪ ਵਿਚ ਬਤੌਰ ਕੀਰਤਨਕਾਰ ਵਿਚਰਨ ਲਈ ਜੀਵਨ ਸੇਧ ਵੀ ਪ੍ਰਦਾਨ ਕਰਦੇ ਹਨ।

ਪ੍ਰੋਫੈਸਰ ਤੇ ਮੁਖੀ, ਗੁਰਮਤਿ ਸੰਗੀਤ ਚੇਅਰ-ਗੁਰਮਤਿ
ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

**ਪਿਛਲੇ ਅੰਕ ਦੀ ਬਾਕੀ**



ਕੀਰਤਨੀਆਂ ਦੇ ਜੀਵਨ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਜੋ ਲਿਖਿਆ ਜਾਂਦਾ ਹੈ, ਕਈ ਵਾਰ ਉਹ ਵੀ ਇਕ ਪਾਸੜ ਹੁੰਦਾ ਹੈ। ਕੁਝ ਸ਼ਰਧਾਲੂ ਕੀਰਤਨੀਆਂ ਦੀ ਅਤਿ ਪ੍ਰਸ਼ੰਸਾ ਕਰ ਦਿੰਦੇ ਹਨ ਅਤੇ ਕੁਝ ਆਲੋਚਕ ਕੀਰਤਨੀਆਂ ਦੀ ਗਾਇਨ ਸ਼ੈਲੀ ਆਦਿ ਬਾਰੇ ਆਲੋਚਨਾ ਕਰਦੇ ਹਨ।ਅਸੀਂ ਚਾਹੁੰਦੇ ਹਾਂ ਕਿ ਸਰੋਤੇ ਜਾਂ ਕੁਝ ਹੋਰ ਲੇਖਕ ਆਪਣੇ ਨੇੜਲੇ ਕੀਰਤਨੀਆਂ ਦੇ ਜੀਵਨ ਬਾਰੇ ਕੁਝ ਲਿਖਦੇ ਰਹਿਣ ਤਾਂ ਜੋ ਉਹਨਾਂ ਦੇ ਜੀਵਨ ਬਾਰੇ ਆਮ ਸੰਗਤਾਂ ਨੂੰ ਜਾਣਕਾਰੀ ਮਿਲੇ ਅਤੇ ਨਵੇਂ ਕੀਰਤਨੀਆਂ ਨੂੰ ਕੋਈ ਸੇਧ ਪ੍ਰਾਪਤ ਹੋਵੇ। ਅਸੀਂ ਭਾਈ ਕਰਮ ਸਿੰਘ ਰਤਨ ਦੀ ਜੀਵਨੀ ਨੂੰ ਜਿਹੜੀ ਕਿ ਭਾਈ ਗੁਰਮੀਤ ਸਿੰਘ ਜੋਸ਼ ਨਵੀਂ ਦਿੱਲੀ ਵਾਲਿਆਂ ਨੇ ਬੜੀ ਸ਼ਰਧਾ ਨਾਲ ਲਿਖੀ ਹੈ, ਕਿਸ਼ਤਵਾਰ ਛਾਪ ਰਹੇ ਹਾਂ। ਆਸ ਹੈ ਕਿ ਪਾਠਕਾਂ ਨੂੰ ਪਸੰਦ ਆਵੇਗੀ।

# ਬਹੁ ਪੱਖੀ ਸ਼ਖਸੀਅਤ : ਭਾਈ ਕਰਮ ਸਿੰਘ ਰਤਨ

## ਭਾਈ ਗੁਰਮੀਤ ਸਿੰਘ ਜੋਸ਼

ਬੰਬਈ ਵਿੱਚ ਸ੍ਰ. ਰਣਜੀਤ ਸਿੰਘ ਕੱਪੜੇ ਦੇ ਬਹੁਤ ਵੱਲੇ ਵਾਪਾਰੀ ਸਨ। ਉਹਨਾਂ ਨੂੰ ਤਖ਼ਤ ਸਾਹਿਬ ਵੱਲੋ ਚਿਠੀ ਗਈ ਹੋਈ ਸੀ, ਰਤਨ ਜੀ ਜਥੇ ਸਮੇਤ ਉਹਨਾਂ ਨੂੰ ਮਿਲਣ ਲਈ ਉਨ੍ਹਾਂ ਦੇ ਦਫਤਰ, ਜੋ ਕਿ ਕਾਲਬਾ ਦੇਵੀ ਰੋਡ ਤੇ ਹੈ, ਗਏ ਗੇਟ ਤੇ ਗੇਟਵਾਨ ਖੜਾ ਸੀ, ਉਸ ਨੂੰ ਰਤਨ ਜੀ ਨੇ ਆਪਣਾ ਕਾਰਡ ਦਿੱਤਾ। ਗੇਟਮੈਨ ਨੇ ਅੰਦਰ ਜਾ ਕੇ ਜਦੋਂ ਕਾਰਡ ਦਿੱਤਾ ਤਾਂ ਰਣਜੀਤ ਸਿੰਘ ਜੀ ਇੱਕ ਦਮ ਦਫਤਰ ਵਿੱਚੋਂ ਬਾਹਰ ਆ ਕੇ ਬੜੇ ਸਤਿਕਾਰ ਨਾਲ ਪੂਰੇ ਜਥੇ ਨੂੰ ਅੰਦਰ ਲੈ ਗਏ, ਤੇ ਨੌਕਰ ਨੂੰ ਕਿਹਾ ਕਿ ਕੁਰਸੀਆਂ ਪਹਿਲਾਂ ਸਾਫ ਕਰ ਕੇ ਫਿਰ ਭਾਈ ਸਾਹਿਬਾਨ ਜੀ ਨੂੰ ਬਿਠਾਉ ਇਹ ਤਖ਼ਤ ਸਾਹਿਬ ਜੀ ਦੇ ਹਜ਼ੂਰੀ ਕੀਰਤਨੀਏ ਹਨ। ਉਦੋਂ ਦਿਵਾਲੀ ਦੇ ਦਿਨ ਸਨ,ਦੀਵਾਲੀ ਦੇ ਦਿਨਾਂ ਵਿੱਚ ਬੰਬਈ ਵਿੱਚ ਰਿਵਾਜ਼ ਹੈ ਸਾਰੇ ਲੋਕ ਆਪਣੇ ਸਨੇਹੀਆਂ ਨੂੰ ਮਿਠਾਈ ਵੰਡਦੇ ਹਨ।ਉਥੇ ਮਿਠਾਈ ਦੇ ਡੱਬੇ ਮੇਜ਼ ਤੇ ਪਏ ਹੋਏ ਸਨ।ਸ੍ਰ. ਰਣਜੀਤ ਸਿੰਘ ਜੀ ਨੇ ਨੌਕਰ ਨੂੰ ਕਿਹਾ ਕਿ ਆਹ ਡੱਬੇ ਚੁੱਕ ਲਵੋ ਤੇ ਸੁੱਚੇ ਨਵੇਂ ਡੱਬੇ ਲੈ ਕੇ ਆਉ। ਉਹ ਨਵੇਂ ਮਿਠਾਈ ਦੇ ਡੱਬੇ ਲਿਆ ਕੇ ਭਾਈ ਸਾਹਿਬ ਜੀ ਦੇ ਜਥੇ ਨੂੰ ਡੱਬੇ ਦੇ ਕੇ ਉਹਨਾਂ ਦਾ ਸਵਾਗਤ ਕੀਤਾ। ਭਾਈ ਸਾਹਿਬ ਉਹਨਾਂ ਦੀ ਨਿਮਰਤਾ ਤੋਂ ਬਹੁਤ ਪ੍ਰਭਾਵਿਤ ਹੋਏ। ਭਾਈ ਮੋਹਨ ਸਿੰਘ ਘਾਇਲ ਜੀ ਨੇ ਆਪਣੇ ਆਉਣ ਦਾ ਸਾਰਾ ਮਨੋਰਥ ਉਹਨਾਂ ਨੂੰ ਦੱਸਿਆ। ਸ. ਰਣਜੀਤ ਸਿੰਘ ਜੀ ਨੇ ਤਖ਼ਤ ਸਾਹਿਬ ਦੀ ਸਰਾਂ ਵਾਸਤੇ ਦੋ ਕਮਰਿਆਂ ਦੀ ਮਾਇਆ ਆਪਣੇ ਵੱਲੋ ਦਿੱਤੀ ਅਤੇ ਆਪ ਨਾਲ ਜਾ ਕੇ ਕੱਪੜੇ ਦੀ ਮਾਰਕੀਟ ਵਿੱਚੋਂ ਤਖ਼ਤ ਸਾਹਿਬ ਵਾਸਤੇ ਕਾਫੀ ਮਾਇਆ ਭੇਟ ਕਰਵਾ ਦਿੱਤੀ।

6 ਨਵੰਬਰ ਨੂੰ ਸ਼ਨੀਵਾਰ ਨੂੰ ਗੁਰੂ ਨਾਨਕ ਸਾਹਿਬ ਜੀ ਦਾ ਗੁਰਪੁਰਬ ਸੀ, ਤੇ ਉਸ ਦਿਨ ਰਤਨ ਜੀ ਦੇ ਜਥੇ ਨੇ ਦਸ਼ਮੇਸ਼ ਦਰਬਾਰ, ਖਾਰ ਸਿੰਘ ਸਭਾ, ਲਕਸ਼ਮੀ ਕਲੋਨੀ,ਘਾਟ ਕੋਪਰ, ਮੁਲੰਡ, ਕੁਲਾਬਾ, ਕੁਰਲਾ ਆਦਿ ਸਥਾਨਾਂ ਤੇ ਕੀਰਤਨ ਕੀਤੇ।

ਇਸ ਤਰ੍ਹਾਂ 13 ਅਗਸਤ 76 ਤੋਂ ਲੈ ਕੇ 14 ਨਵੰਬਰ ਤਕ ਤਕਰੀਬਨ 4 ਮਹੀਨੇ ਰਤਨ ਜੀ ਦੇ ਜਥੇ ਨੇ ਬੰਬਈ ਦੀ ਸੰਗਤ ਨੂੰ ਕੀਰਤਨ ਨਾਲ ਨਿਹਾਲ ਕੀਤਾ।ਬੰਬਈ ਵਿੱਚੋਂ ਲਗਭਗ ਬਾਰ੍ਹਾਂ ਲੱਖ ਰੁਪਏ ਤਖਤ ਸਾਹਿਬ ਲਈ ਭੇਟ ਹੋਏ।

ਬੰਬਈ ਤੋਂ ਬਾਅਦ ਭਾਈ ਕਰਮ ਸਿੰਘ ਰਤਨ ਜੀ ਦਾ ਜਥਾ 14 ਨਵੰਬਰ ਐਤਵਾਰ ਸ਼ਾਮ ਨੂੰ ਗੁਰਦੁਆਰਾ ਸਿੰਘ ਸਭਾ ਗਨੇਸ਼ ਪੇਠ ਪੂਨਾ ਵਿਖੇ ਪਹੁੰਚ ਗਿਆ। ਇੱਥੇ ਇਹਨਾਂ ਨੇ 15 ਨਵੰਬਰ ਤੋਂ 20 ਨਵੰਬਰ ਤਕ ਨਿਰੰਤਰ ਪ੍ਰੋਗਰਾਮ ਕੀਤੇ।ਬੰਬਈ ਵਿਖੇ ਆਪ ਨੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਤੇ ਕੀਰਤਨ ਕਰਨਾ ਸੀ। ਆਪ ਜੀ 20 ਨਵੰਬਰ ਨੂੰ ਪੂਨੇ ਤੋਂ ਟੈਕਸੀ ਰਾਹੀ ਬੰਬਈ ਅੰਧੇਰੀ ਗੁਰਦੁਆਰੇ ਪਹੁੰਚ ਗਏ।ਇਹ ਸਮਾਗਮ ਬੰਬਈ ਵਿੱਚ

ਸਭ ਤੋਂ ਵੱਡਾ ਸਮਾਗਮ ਸਮਝਿਆ ਜਾਂਦਾ ਹੈ।ਇਸ ਨੂੰ ਪੂਰੀ ਫਿਲਮ ਇੰਡਸਟਰੀ ਅਤੇ ਸਾਰੇ ਸਿੱਖ, ਹਿੰਦੂ, ਮੁਸਲਮਮਾਨ,ਇਸਾਈ ਮਿਲ ਕੇ ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ ਮਨਾਉਂਦੇ ਹਨ।ਕਹਿੰਦੇ ਹਨ ਇਸ ਪੁਰਬ ਤੇ ਹਰ ਸਾਲ ਅਖੰਡ ਪਾਠ ਸਾਹਿਬ ਦੀ ਸੇਵਾ ਮਸ਼ਹੂਰ ਫਿਲਮ ਐਕਟਰਸ ਮਧੁਬਾਲਾ ਦੇ ਪਿਤਾ ਅਤਾਉਲਾ ਖਾਂ ਵੱਲੋਂ ਹੁੰਦੀ ਹੈ। ਅਤਾਉਲਾ ਖਾਂ ਜੀ ਇਤਨੇ ਪੈਸੇ ਬੈਂਕ ਵਿੱਚ ਜਮਾਂ ਕਰਵਾ ਗਏ ਹਨ ਕਿ ਜਿਸ ਦੇ ਵਿਆਜ ਨਾਲ ਹਰ ਸਾਲ ਅਖੰਡ ਪਾਠ ਦੀ ਸੇਵਾ ਖੁੱਲੇ ਤੌਰ ਤੇ ਹੋ ਸਕੇ। 21 ਤਰੀਖ ਸਵੇਰੇ ਪਹਿਲੇ ਰਤਨ ਜੀ ਨੇ ਆਸਾ ਦੀ ਵਾਰ ਦਾ ਕੀਰਤਨ ਕੀਤਾ।ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਦੁਬਾਰਾ ਦੀਵਾਨ ਸ਼ੁਰੂ ਹੋਇਆ ਜਿਸ ਵਿੱਚ ਬੰਬਈ ਦੇ ਗੁਰਦੁਆਰਿਆਂ ਕੁੱਝ ਲੋਕਲ ਜਥੇ ਸਨ, ਉਹਨਾਂ ਨੇ ਕੀਰਤਨ ਕੀਤਾ ਤੇ ਇਸ ਪ੍ਰੋਗਰਾਮ ਵਿੱਚ ਮੁਹੰਮਦ ਰਫੀ ਸਾਹਿਬ,ਮਹਿੰਦਰ ਕਪੂਰ ਜੀ ਅਤੇ ਆਸ਼ਾ ਭੋਸਲੇ ਵੀ ਆਈ। ਪਹਿਲੇ ਮਹਿੰਦਰ ਕਪੂਰ ਜੀ ਨੇ ਇਕ ਸ਼ਬਦ ਗਾਇਆ ਤੇ ਉਹਨਾਂ ਤੋਂ ਬਾਅਦ ਆਸ਼ਾ ਭੋਸਲੇ ਨੇ ਸ਼ਬਦ ਗਾਇਆ ਤੇ ਬਾਅਦ ਵਿੱਚ ਮਹੁੰਮਦ ਰਫੀ ਸਾਹਿਬ ਜੀ ਨੇ (ਕਲਿ ਤਾਰਣ ਗੁਰੁ ਨਾਨਕ ਆਇਆ) ਪੜ੍ਹ ਕੇ ਸਮਾਂ ਬੰਨ੍ਹ ਦਿੱਤਾ।ਇਸ ਪ੍ਰੋਗਰਾਮ ਵਿੱਚ ਤਕਰੀਬਨ ਡੇਢ ਲੱਖ ਤਖ਼ਤ ਸਾਹਿਬ ਵਾਸਤੇ ਮਾਇਆ ਇਕੱਠੀ ਹੋਈ।

ਇਹ ਪ੍ਰੋਗਰਾਮ ਕਰ ਕੇ ਆਪ ਜੀ ਦਾ ਜਥਾ ਫਿਰ ਪੂਨਾ ਸਿੰਘ ਸਭਾ ਪਹੁੰਚ ਗਿਆ ਅਤੇ ਪੂਨਾ ਸਿੰਘ ਸਭਾ 22 ਤੋਂ ਲੈ ਕੇ 29 ਨਵੰਬਰ ਤਕ ਪੂਨੇ ਤੋਂ ਕਾਫੀ ਮਾਇਆ ਇਕਤਰ ਹੋ ਗਈ।

ਫਿਰ ਆਪ ਜੀ 29 ਨਵੰਬਰ ਸੋਮਵਾਰ ਨੂੰ ਪੂਨੇ ਤੋਂ ਬਸ ਰਾਹੀਂ ਗੁਰਦੁਆਰਾ ਸਿੰਘ ਸਭਾ ਉਸਮਾਨ ਔਰੰਗਾਬਾਦ ਪਹੁੰਚ ਗਏ। ਇਸ ਸ਼ਹਿਰ ਵਿੱਚ ਆਪ ਜੀ ਦਾ ਜਥਾ 30 ਨਵੰਬਰ ਤੋਂ 6 ਦਸੰਬਰ ਤਕ ਸੱਤ ਦਿਨ ਕੀਰਤਨ ਕਰਨੇ ਸਨ। ਏਥੇ ਦੀ ਸੰਗਤ ਨੇ ਤਖ਼ਤ ਸਾਹਿਬ ਵਾਸਤੇ ਕਾਫੀ ਮਾਇਆ ਇਕੱਠੀ ਕਰ ਕੇ ਦਿੱਤੀ। ਔਰੰਗਜੇਬ ਦੀ ਕਬਰ ਔਰੰਗਾਬਾਦ ਵਿੱਚ ਹੀ ਹੈ ਅਤੇ 4 ਦਸੰਬਰ ਨੂੰ ਇਕ ਗੁਰਸਿੱਖ ਪ੍ਰੇਮੀ ਆਪਣੀ ਕਾਰ ਤੇ ਲੈ ਕੇ ਜਾ ਕੇ ਰਤਨ ਜੀ ਦੇ ਜਥੇ ਨੂੰ ਅਲੋਰਾ ਦੀਆਂ ਗੁਫਾਵਾਂ ਤੇ ਔਰੰਗਜੇਬ ਦੀ ਕਬਰ ਵੀ ਦਿਖਾਕੇ ਲਿਆਇਆ ਅਤੇ ਰਤਨ ਜੀ ਵੇਖ ਕੇ ਕਹਿਣ ਲੱਗੇ ਜਿਸ ਬਾਦਸ਼ਾਹ ਨੇ ਗੁਰੂ ਤੇਗ ਬਾਹਦਰ ਸਹਿਬ ਜੀ ਨੂੰ ਸ਼ਦੀਦ ਕੀਤਾ ਸੀ ਉਸ ਦੀ ਕਬਰ ਤੇ ਜੋ ਮਜੌਰ ਹੈ ਉਹ ਲੋਕਾਂ ਕੋਲੋ ਪੈਸਾ ਪੈਸਾ ਮੰਗ ਕੇ ਔਰੰਗਜੇਬ ਦੀ ਕਬਰ ਤੇ ਧੂਪ ਜਲਾਉਂਦਾ ਹੈ, ਰੋਟੀ ਖਾਂਦਾ ਹੈ, ਤੇ ਜਿਸ ਨੂੰ ਇਸ ਨੇ ਸ਼ਹੀਦ ਕੀਤਾ ਸੀ ਉਥੇ ਗੁਰੂ ਕੇ ਲੰਗਰ ਚਲ ਰਹੇ ਹਨ ਤੇ ਦਰਸ਼ਨ ਕਰਨ ਵਾਲਿਆਂ ਤੇ ਭੇਟਾ ਚੜਾਉਣਾ ਵਾਲਿਆ ਦੀਆਂ ਲਾਈਨਾਂ ਲੱਗੀਆਂ ਰਹਿੰਦੀਆਂ ਹਨ। ਔਰੰਗਾਬਾਦ ਵਿੱਚ ਇਕ ਗੁਰਦੁਆਰਾ ਭਾਈ ਦਇਆ ਸਿੰਘ ਜੀ ਦਾ ਹੈ ਜੋ ਕਿ ਦਸਮ ਪਾਤਸ਼ਾਹ ਦਾ ਲਿਖਿਆ ਹੋਇਆ ਜ਼ਫ਼ਰਨਾਮਾ ਔਰੰਗਜੇਬ ਨੂੰ ਪੁਚਾਣ ਲਈ ਰਾਤ ਏਥੇ ਰਹੇ ਸਨ। ਰਤਨ ਜੀ ਦਾ ਰਾਗੀ ਜਥਾ ਔਰਗਾਬਾਦ ਤੋਂ ਰੇਲ ਰਾਹੀਂ 6 ਦਸੰਬਰ ਸਵੇਰੇ ਚਲ ਕੇ ਸ਼ਾਮ ਤਕ ਨੰਦੇੜ ਵਿੱਚ ਸ੍ਰੀ ਹਜ਼ੂਰ ਸਾਹਿਬ ਪਹੁੰਚ ਗਏ।ਅਗਲੇ ਦਿਨ ਸ੍ਰੀ ਹਜ਼ੂਰ ਸਾਹਿਬ ਦੇ ਦੁਆਲੇ ਜਿਤਨੇ ਵੀ ਇਤਿਹਾਸਕ ਅਸਥਾਨ ਹਨ ਉਹਨਾਂ ਦੇ ਸਭ ਗੁਰਦੁਆਰਿਆਂ ਦੇ ਦਰਸ਼ਨ ਕੀਤੇ ਅਤੇ ਰਾਤ ਨੂੰ ਗੁਰਦੁਆਰਾ ਬਾਬਾ ਨਿਧਾਨ ਸਿੰਘ ਵਿਖੇ ਕੀਰਤਨ ਦੀ ਹਾਜ਼ਰੀ ਭਰੀ ਅਤੇ ਸਚਖੰਡ ਦੀ ਪ੍ਰਬੰਧਕ ਕਮੇਟੀ ਨੂੰ ਬੇਨਤੀ ਕਰ ਕੇ 8 ਤਰੀਕ ਆਸਾ ਦੀ ਵਾਰ ਦਾ ਕੀਰਤਨ ਕੀਰਤਨ ਕੀਤਾ।

ਇਸ ਸਮੇਂ ਇੱਕ ਘਟਨਾ ਵਾਪਰ ਗਈ, ਰਤਨ ਜੀ ਦੇ ਜਥੇ ਨਾਲ ਜੋ ਕਿ ਮੈਂ ਏਥੇ ਲਿਖਣੀ ਜਰੂਰੀ ਸਮਝਦਾ ਹਾਂ ਰਤਨ ਜੀ ਦੇ ਸਹਾਇਕ ਰਾਗੀ ਸਨ ਭਾਈ ਮੋਹਨ ਸਿੰਘ ਘਾਇਲ ਉਹਨਾਂ ਨੂੰ ਹਰਨੀਆਂ ਦੀ ਸ਼ਿਕਾਇਤ ਸੀ ਬੀਮਾਰੀ ਸੀ ਤੇ ਜਦੋਂ ਕਿਤੇ ਉਹ ਸਰੀਰ ਰਾਹੀ ਕੋਈ ਜੋਰ ਲਾ ਕੇ ਕੰਮ ਕਰਦੇ ਸਨ ਤਾ ਉਹਨਾਂ ਨੂੰ ਦਰਦ ਸ਼ੁਰੂ ਹੋ ਜਾਂਦੀ ਸੀ।। ਜਦੋਂ ਰਤਨ ਜੀ ਸਚਖੰਡ ਵਿਖੇ ਆਸਾ ਦੀ ਵਾਰ ਦਾ ਕੀਰਤਨ ਕਰ ਰਹੇ ਸਨ ਤੇ ਅੱਧੀ ਆਸਾ ਵੀ ਵਾਰ ਦਾ ਕੀਰਤਨ ਹੋ ਚੁੱਕਾ ਸੀ, ਬਾਰਾਂ ਸਲੋਕ ਪੜ ਚੁੱਕੇ ਸਨ ਤੇ ਫਿਰ ਸ਼ਬਦ ਗਾਉਣਾ ਸ਼ੁਰੂ ਕਰ ਕੀਤਾ (ਹਮ ਮੈਲੇ ਤੁਮ ਊਜਲ ਕਰਤੇ ਹਮ ਨਿਰਗੁਨ ਤੂ ਦਾਤਾ) ਇਹ ਸ਼ਬਦ ਰਤਨ ਜੀ ਰਾਗ ਅਹੀਰ ਭੈਰਵ ਵਿੱਚ ਗਾ ਰਹੇ ਸਨ ਤੇ ਇਸ ਸ਼ਬਦ ਦਾ ਅੰਤਰਾ ਬਹੁਤ ਉੱਚਾ ਗਾਉਣਾ ਪੈਂਦਾ ਸੀ ਤੇ ਜਦੋਂ ਆਪ ਜੀ ਜਥੇ ਨੇ ਸ਼ਬਦ ਜ਼ੋਰ ਲਾ ਕੇ ਪੜਿਆ ਤਾਂ ਮੋਹਨ ਸਿੰਘ ਘਾਇਲ ਜੀ ਨੂੰ ਹਰਨੀਆਂ ਦੇ ਕਾਰਨ ਕਰਕੇ ਨਲਾਂ ਵਿੱਚ ਦਰਦ ਹੋਣ ਲੱਗ ਪਿਆ। ਮੋਹਨ ਸਿੰਘ ਦਾ ਚੇਹਰਾ ਦੇਖ ਕੇ ਰਤਨ ਜੀ ਸਮਝ ਗਏ ਕਿ ਭਾਈ ਮੋਹਨ ਸਿੰਘ ਨੂੰ ਦਰਦ ਹੋ ਰਿਹਾ ਹੈ ਤੇ ਸ਼ਬਦ ਪੜਦੇ ਪੜਦੇ ਹੀ ਰਤਨ ਜੀ ਨੇ ਅਤੇ ਭਾਈ ਮੋਹਨ ਸਿੰਘ ਜੀ ਨੇ ਦੋਹਾਂ ਨੇ ਮਨ ਵਿੱਚ ਅਰਦਾਸ ਬੇਨਤੀ ਕੀਤੀ ਅਤੇ ਜੋ ਸ਼ਬਦ ਪੜ ਰਹੇ ਸੀ ਉਹ ਵੀ ਬੇਨਤੀ ਦਾ ਹੀ ਸੀ,

(ਹੇ ਸਤਿਗੁਰੂ ਕਲਗੀਧਰ ਪਾਤਸ਼ਾਹ, ਤੇਰੇ ਦਰਬਾਰ ਵਿੱਚ ਆ ਕੇ ਤਾਂ ਸਾਰੀ ਦੁਨੀਆਂ ਦੇ ਦੁੱਖ ਦੂਰ ਹੋ ਜਾਂਦੇ ਨੇ ਤੇ ਸਤਿਗੁਰੂ ਅਸੀਂ ਤਾਂ ਤੇਰੇ ਕੀਰਤਨੀਏ ਹਾਂ। ਗੁਰੂ ਜੀ ਨੇ ਬੇਨਤੀ ਸੁਣ ਲਈ ਉਧਰ ਸ਼ਬਦ ਪੂਰਾ ਹੋਇਆ, ਤੇ ਉਧਰੋਂ ਭਾਈ ਮੋਹਨ ਸਿੰਘ ਜੀ ਦਾ ਦਰਦ ਖਤਮ ਹੋ ਗਿਆ ਤੇ ਉਹ ਦਰਦ ਬੀਮਾਰੀ ਸਦਾ ਲਈ ਖਤਮ ਹੋ ਗਈ ਅਤੇ ਮੁੜ ਕੇ ਸਾਰੀ ਜ਼ਿੰਦਗੀ ਉਹਨਾਂ ਨੂੰ ਦਰਦ ਨਹੀਂ ਹੋਇਆ।

ਇਕ ਹੋਰ ਗੱਲ ਹੋਈ ਜਦੋਂ ਰਤਨ ਜੀ ਜਥਾ ਕੀਰਤਨ ਦੀ ਸਮਾਪਤੀ ਤੋਂ ਬਾਅਦ ਬਾਹਰ ਅਇਆ ਤਾਂ ਸਚਖੰਡ ਦੇ ਗ੍ਰੰਥੀ ਸਾਹਿਬ ਅਤੇ ਸੇਵਾਦਾਰਾਂ ਨੇ ਭਾਈ ਰਤਨ ਜੀ ਨੂੰ ਦੱਸਿਆ ਕਿ ਆਮ ਤੌਰ ਤੇ ਏਥੇ ਤੇ ਸਾਰੇ ਯਾਤਰੂ ਬਾਹਰੋਂ ਹੀ ਆਉਂਦੇ ਹਨ ਤੇ ਉਹਨਾਂ ਨੇ ਛੇਤੀ ਜਾਣਾ ਹੁੰਦਾ ਹੈ ਇਸ ਕਰਕੇ ਸੰਗਤ ਬੈਂਹਦੀ ਘੱਟ ਹੀ ਹੈ ਤੇ ਜ਼ਿਆਦਾ ਤਰ ਲੋਕ ਦਰਸ਼ਨ ਕਰਕੇ ਚਲੇ ਜਾਂਦੇ ਹਨ ਪਰ ਅਜ ਤਾਂ ਕੀਰਤਨ ਦਾ ਐਸਾ ਰਸ ਆਇਆ ਕਿ ਜੋ ਵੀ ਪ੍ਰੇਮੀ ਆਇਆ ਉਹ ਮੱਥਾ ਟੇਕ ਕੇ ਏਥੇ ਹੀ ਕੀਰਤਨ ਸੁਣਨ ਬੈਠ ਗਿਆ ਤੇ ਉਠ ਕੇ ਕੋਈ ਵੀ ਨਹੀਂ ਗਿਆ।ਿ ਕੀਰਤਨ ਸੁਣਨ ਲਈ ਸਚਖੰਡ ਦੇ ਅੰਦਰ ਤੇ ਬਾਹਰ ਵੀ ਸਾਰਾ ਵੇਹੜਾ ਸੰਗਤ ਨਾਲ ਭਰਿਆ ਹੋਇਆ ਸੀ ਤੇ ਦੂਰ ਦੂਰ ਤਕ ਸੰਗਤ ਬੈਠੀ ਹੋਈ ਸੀ ਅਤੇ ਬਹੁਤ ਸਾਰੀ ਸੰਗਤ ਨੇ ਰਤਨ ਜੀ ਆ ਕੇ ਪੁੱਛਿਆ ਕਿ ਭਾਈ ਸਾਹਿਬ ਕੱਲ ਵੀ ਕੀਰਤਨ ਕਰੋਗੇ ਪਰ ਭਾਈ ਸਾਹਿਬ ਜੀ ਨੇ ਮਜ਼ਬੂਰੀ ਦੱਸੀ ਕਿ ਸਾਡੇ ਅੱਗੇ ਪ੍ਰੋਗਰਾਮ ਬੁੱਕ ਹਨ।

ਫਿਰ 9 ਦਸੰਬਰ ਵੀਰਵਾਰ ਨੂੰ ਰਤਨ ਜੀ ਦਾ ਜਥਾ ਰੇਲ ਰਾਹੀਂ ਨੰਦੇੜ ਤੋਂ ਗੁਰਦੁਆਰਾ ਸਿੰਘ ਸਭਾ ਅਕੋਲਾ ਪਹੁੰਚ ਗਿਆ ਤੇ 10 ਤੋਂ 12 ਤਰੀਕ ਤੱਕ ਆਪ ਜੀ ਨੇ ਅਕੋਲਾ ਦੀ ਸੰਗਤ ਨੂੰ ਕੀਰਤਨ ਰਾਹੀਂ ਨਿਹਾਲ ਕੀਤਾ। 12 ਤਰੀਕ ਐਤਵਾਰ ਸ਼ਾਮ ਤਕ ਆਪ ਜੀ ਦਾ ਜਥਾ ਗੁਰਦੁਆਰਾ ਸਿੰਘ ਸਭਾ ਖੰਡਵਾ ਰੇਲ ਰਾਹੀਂ ਪਹੁੰਚ ਗਿਆ। 13 ਤੋਂ 15 ਬੁੱਧਵਾਰ ਤੱਕ ਖੰਡਵਾ ਵਿਖੇ ਪ੍ਰੋਗਰਾਮ ਕੀਤੇ ਅਤੇ 15 ਤਰੀਕ ਸ਼ਾਮ ਤੱਕ ਬੱਸ ਰਾਹੀਂ ਆਪ ਜੀ ਦਾ ਜਥਾ ਖੰਡਵਾ ਤੋਂ ਬੜ੍ਹਵਾਹ ਪਹੁੰਚ ਗਿਆ ਹੈ 16 ਤੇ 17 ਤਰੀਕ ਸ਼ੁੱਕਰਵਾਰ ਨੂੰ ਆਪ ਜੀ ਦਾ ਜਥਾ ਬਸ ਰਾਹੀਂ ਇੰਦੌਰ ਗੁਰਦੁਆਰਾ ਇਮਲੀ ਸਾਹਿਬ ਪਹੁੰਚ ਗਿਆ ਇੰਦੌਰ ਦੀ ਸੰਗਤ ਸੰਨ 1974 ਤੋਂ ਹੀ ਰਤਨ ਜੀ ਦੇ ਕੀਰਤਨ ਤੋਂ ਬਹੁਤ ਹੀ ਪ੍ਰਭਾਵਿਤ ਸੀ, ਕਿਉਂਕਿ ਸੰਨ 74 ਤੋਂ 78 ਤਕ ਲਗਾਤਾਰ 4 ਸਾਲ ਦੇ ਕਰੀਬ ਇੰਦੌਰ ਦੀ ਸੰਗਤ ਹਰ ਸਾਲ ਗੁਰਪੁਰਬ ਤੇ ਰਤਨ ਜੀ ਦੇ ਜਥੇ ਨੂੰ ਬੁਲਾਂਦੀ ਰਹੀ ਹੈ। ਪਹਿਲੀ ਅਪ੍ਰੈਲ ਤੋਂ ਲੈ ਕੇ ਪੰਜ ਅਪ੍ਰੈਲ ਤਕ ਹਰ ਸਾਲ ਗਿ. ਸੰਤ ਸਿੰਘ ਮਸਕੀਨ ਸਾਹਿਬ ਜੀ ਵੀ ਹਰ ਸਾਲ ਰਤਨ ਜੀ ਨੂੰ ਨਾਲ ਲੈ ਕੇ ਜਾਂਦੇ ਰਹੇ ਹਨ ਅਤੇ ਆਪ ਜੀ ਦਾ ਜਥਾ ਤਕਰੀਬਨ ਉਨੀ ਵੀਹ ਸਾਲ ਤੋਂ ਇੰਦੌਰ ਦੀ ਸੰਗਤ ਨੂੰ ਕੀਤਰਨ ਸੁਣਾਨ ਲਈਂ ਜਾਦੇ ਰਹੇ ਹਨ। ਗੁਰਦੁਆਰਾ ਇਮਲੀ ਸਾਹਿਬ ਦੀ ਪ੍ਰਬੰਧਕ ਕਮੇਟੀ ਨੇ ਪੱਕੀ ਸੇਵਾ ਵਾਸਤੇ ਵੀ ਮਸਕੀਨ ਸਾਹਿਬ ਨਹੀਂ ਤ੍ਰੋ ਆਪ ਜੀ ਨੇ ਇਸ ਟੂਰ ਵਿੱਚ 18 ਦਸੰਬਰ ਸ਼ਨੀਵਾਰ ਤੋਂ ਲੈ ਕੇ 24 ਦਸੰਬਰ ਸ਼ੁੱਕਰਵਾਰ 76 ਤੱਕ ਤਕਰੀਬਨ ਇਕ ਹਫ਼ਤਾ ਇੰਦੌਰ ਦੇ ਵੱਖ ਵੱਖ ਗੁਰਦੁਆਰਿਆਂ ਵਿੱਚ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕੀਤਾ।

24 ਤਰੀਕ ਸ਼ੁੱਕਰਵਾਰ ਆਪ ਜੀ ਇੰਦੌਰ ਤੋਂ ਰੇਲ ਰਾਹੀ ਰਤਲਾਮ ਗੁਰਦੁਆਰਾ ਸਿੰਘ ਸਭਾ ਪਹੁੰਚ ਗਏ ਕਿਉਂਕਿ 29 ਦਸੰਬਰ ਦਾ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਰਤਲਾਮ ਵਿਖੇ ਬੁੱਕ ਸੀ, ਸੋ 25 ਸ਼ਨੀਵਾਰ ਤੋਂ ਲੈ ਕੇ 29 ਦਸੰਬਰ ਰਤਲਾਮ ਸਿੰਘ ਸਭਾ ਦਸਮ ਪਾਤਸ਼ਾਹ ਦੇ ਗੁਰਪੁਰਬ ਕੀਰਤਨ ਕੀਤੇ।

2 ਜਨਵਰੀ ਐਤਵਾਰ ਨੂੰ 1977 ਨੂੰ ਆਪ ਜੀ ਜਥੇ ਸਮੇਤ ਦਿੱਲੀ ਵਿੱਚ ਪਹੁੰਚ ਗਏ ਤੇ 2 ਜਨਵਰੀ ਰਾਤ ਦਾ ਕੀਰਤਨ ਗੁਰਦੁਆਰਾ ਕਰੋਲ ਬਾਗ ਕੀਤਾ ਅਤੇ 3 ਜਨਵਰੀ ਸਵੇਰੇ ਗੁਰਦੁਆਰਾ ਬੰਗਲਾ ਸਾਹਿਬ ਆਸਾ ਦੀ ਵਾਰ ਦਾ ਕੀਰਤਨ ਕੀਤਾ। 4 ਜਨਵਰੀ ਮੰਗਲਵਾਰ ਨੂੰ ਆਪ ਜੀ ਦੇ ਜਥੇ ਨੇ ਗੁਰਦੁਆਰਾ ਸਿੰਘ ਸਭਾ ਗਾਂਧੀ ਨਗਰ ਕੀਰਤਨ ਕੀਤਾ ਤੇ ਸਭਾ ਨੇ ਭਾਈ ਸਾਹਿਬ ਦਾ ਉਚੇਚੇ ਤੌਰ ਤੇ ਸਨਮਾਨ ਕੀਤਾ। ਕੁਝ ਸਮਾਂ ਆਪਣੀ ਬਿਮਾਰ ਮਾਤਾ ਜੀ ਦੀ ਸੇਵਾ ਕਰਨੇ ਉਪਰੰਤ ਆਪ 20 ਜਨਵਰੀ 1977 ਨੂੰ ਆਪ ਜੀ ਪਟਨਾ ਪਹੁੰਚ ਗਏ ਤੇ 21 ਤਰੀਖ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਕੀਤਾ ਤੇ 21 ਤਰੀਖ ਕਮੇਟੀ ਨੇ ਰਤਨ ਜੀ ਜਥੇ ਨੂੰ ਸਮਸਤੀਪੁਰ ਇਕ ਪ੍ਰੋਗਰਾਮ ਤੇ ਭੇਜ ਦਿੱਤਾ ਅਤੇ 22 ਨੂੰ ਸਮਸਤੀਪੁਰ ਕੀਰਤਨ ਕੀਤਾ।

ਉਸ ਤੋਂ ਬਾਅਦ ਆਪ ਜੀ ਮਾਰਚ 1978 ਤਕ ਤਖ਼ਤ ਸ੍ਰੀ ਪਟਨਾ ਸਾਹਿਬ ਵਿਚੇ ਕੀਰਤਨ ਦੀ ਸੇਵਾ ਨਿਭਾਉਂਦੇ ਰਹੇ ਅਤੇ ਜਿਥੇ ਵੀ ਤਖ਼ਤ ਸਾਹਿਬ ਵੱਲੋਂ ਆਪ ਜੀ ਡਿਊਟੀ ਲੱਗਦੀ ਰਹੀ ਆਪ ਜੀ ਓਥੇ ਜਾ ਕੇ ਸੰਗਤਾਂ ਨੂੰ ਕੀਰਤਨ ਰਾਹੀਂ ਨਿਹਾਲ ਕਰਦੇ ਰਹੇ। (ਚੱਲਦਾ)

42 ਬੀ/2, ਖਸਰਾ ਨੰ: 25/3, ਦੀਪਕ ਵਿਹਾਰ, ਚੰਦਰ ਵਿਹਾਰ ਨਿਲੋਠੀ ਐਕਸਟੈਂਸਨ,
ਨਵੀਂ ਦਿੱਲੀ 110041, ਮੋਬਾ : 09968231247

# ਰਾਗ ਗਉੜੀ ਮਾਲਾ
## ਮ: ੫ (੨੧੪)

ਉਸਤਾਦ ਸੁਰਜੀਤ ਸਿੰਘ

ਗਉੜੀ ਮਾਲਾ ਥਾਟ ਪੂਰਬੀ ਸ ਵਾਦੀ ਪ ਸੰਵਾਦੀ ਸਮਾਂ ਦਿਨ ਦਾ ਚੌਥਾ ਪਹਿਰ ਜਾਤੀ ਬਕਰ ਸੰਪੂਰਨ
ਆਰੋਹੀ : ਸ, ਨ਼ ਰੁ ਗ ਮ॑ ਪ , ਮ॑ ਧੁ ਨ ਸਂ
ਅਵਰੋਹੀ: ਸਂ, ਰੁਂ ਨ ਪ, ਧੁ ਮ॑ ਗ ਰੁ, ਮ॑ ਗ ਰੁ ਸ
ਪਕੜ : ਨ਼ ਸ –, ਰੁ ਗ ਰੁ, ਮ॑ ਪ, ਧੁ ਮ॑ ਘ ਰੁ ਸ –

ਸੁਰ :– ਰਿਖਬ ਧੈਵਤ ਕੋਮਲ ਮੱਧਿਅਮ ਤੀਬਰ ਬਾਕੀ ਸ਼ੁੱਧ। ਇਸ ਰਾਗ ਦੀ ਆਰੋਹੀ ਵਿੱਚ ਨਿਸ਼ਾਦ ਅਤੇ ਅਵਰੋਹੀ ਵਿੱਚ ਧੈਵਤ ਦੁਰਬਲ ਰਹਿੰਦਾ ਹੈ। ਗਉੜੀ ਮਾਲਾ ਅਪਰਚਲਤ ਰਾਗ ਦੇ ਵਰਗ ਵਿੱਚ ਮੰਨਿਆ ਜਾਂਦਾ ਹੈ। ਰਾਗ ਗਉੜੀ ਮਾਲਾ ਦੀ ਰਚਨਾ ਮੱਧ ਕਾਲ ਵਿੱਚ ਹੋਈ ਜਾਪਦੀ ਹੈ ਖੋਜ ਕਰਨ ਤੇ ਸਾਨੂੰ ਇਸ ਰਾਗ ਦੇ ਦੋ ਪ੍ਰਕਾਰ ਉਪਲੱਬਧ ਹੋਏ ਹਨ ਇਕ ਪੂਰਬੀ ਥਾਟ ਅਤੇ ਦੂਜਾ ਭੈਰਵੀ ਥਾਟ ਦਾ ਪਰੰਤੂ ਇੱਥੇ ਅਸੀਂ ਵੀਚਾਰ ਪੂਰਬੀ ਥਾਟ ਦੇ ਪ੍ਰਕਾਰ ਤੇ ਕਰ ਰਹੇ ਹਾਂ ਰਾਗ ਗਉੜੀ ਮਾਲਾ ਅਤੇ ਰਾਗ ਗਉੜੀ ਮਾਲਵਾ ਇਹ ਦੋਵੇਂ ਰਾਗ ਇੱਕ ਦੂਜੇ ਦੇ ਬਹੁਤ ਨੇੜੇ ਹਨ। ਇਨ੍ਹਾਂ ਦੇ ਸਰੂਪ ਨੂੰ ਵੱਖ ਵੱਖ ਕਰਨਾ ਕੁਸਲ ਗਾਇਕਾ ਦਾ ਹੀ ਕੰਮ ਹੈ। ਕੁੱਝ ਕੁ ਸੰਗੀਤਬੇਤਾ ਇਸ ਰਾਗ ਦੀ ਜਾਤੀ ਸ਼ਾਡਵ–ਸ਼ਾਡਵ ਅਤੇ ਰਿਖਬ ਵਾਦੀ ਮੰਨਦੇ ਹਨ। ਗਉੜੀ ਮਾਲਾ ਵਿੱਚ ਮੱਧਿਅਮ ਅਤੇ ਨਿਖਾਦ ਅਤੀ ਤੀਬਰ ਹੋਕੇ ਲੱਗਦੇ ਹਨ। ਏਥੋਂ ਹੀ ਇਹ ਰਾਗ ਗਉੜੀ ਮਾਲਵਾ ਤੋਂ ਵਖਰਾ ਹੋ ਜਾਂਦਾ ਹੈ।

**ਸਥਾਈ :–**

| x | | 2 | | | 0 | | 3 | | |
|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 |
| ਨ਼ | ਸ | ਰੁ | ਮ॑ | ਪ | ਧੁ | ਪ | ਗ | ਰੁ | ਸ |
| ਭਾ | ਵਨੁ | ਤਿਆ | s | ਗਿਓ | ਰੀ | s | ਤਿਆ | s | ਗਿਓ |
| ਗ | ਰੁ | ਗ | ਮ॑ | ਪ | ਧੁ | ਪ | ਗ | ਰੁ | ਸ |
| ਤਿਆ | s | ਗਿਓ | s | ਮੈ | ਗੁਰ | ਮਿਲਿ | ਤਿਆ | s | ਗਿਓ |
| ਰੁ | ਰੁ | ਸ | ਸ | ਸ | ਧੁ਼ | ਪ਼ | ਸ | ਸ | ਸ |
| ਸਰ | ਬ | ਸੂ | ਖ | ਆ | ਨੰ | ਦਮੰ | ਗਲ | ਰ | ਸ |
| ਪ | – | ਮ॑ | ਧੁ | ਸਂ | ਨ | ਪ | ਗ | ਰੁ | ਸ |
| ਮਾ | s | ਨਿ | s | ਗੋ | ਬਿੰ | ਦੈ | ਆ | s | ਗਿਓ |
| **ਅੰਤਰਾ:–** | | | | | | | | | |
| ਗ | ਮ॑ | ਪ | ਪ | ਪ | ਮ॑ | ਧੁ | ਸਂ | – | ਸਂ |
| ਮਾ | ਨੁ | ਅਭਿ | ਮਾ | ਨੁ | ਦੋ | ਊਸ | ਮਾ | s | ਨੇ |
| ਧੁ | ਨ | ਸਂ | – | ਸਂ | ਰੁਂ | ਸਂ | ਨ | ਪ | ਪ |
| ਮਸ | ਤਕੁ | ਡਾ | s | ਰਿ | ਗੁ | ਰ | ਪਾ | s | ਗਿਓ |
| ਗ | ਮ॑ | ਧੁ | ਸਂ | ਸਂ | ਗਂ | ਰੁਂ | ਸਂ | ਨ | ਪ |
| ਸੰ | ਪਤ | ਹਰ | ਖੁ | ਨ | ਆ | ਪਤ | ਦੂ | s | ਖਾ |
| ਪ | – | ਮ॑ | ਧੁ | ਸਂ | ਨ | ਪ | ਗ | ਰੁ | ਸ |
| ਰੰ | s | ਗੁ | ਠਾ | ਕੁ | ਰੈ | s | ਲਾ | s | ਗਿਓ |

# ਸ਼ਬਦ ਦੇ ਅਰਥ

## ਮਾਝ ਮਹਲਾ ੫

**ਭਾਵਨੁ ਤਿਆਗਿਓ ਰੀ ਤਿਆਗਿਓ ॥**

I have renounced my desires; I have renounced them.

**ਤਿਆਗਿਓ ਮੈ ਗੁਰ ਮਿਲਿ ਤਿਆਗਿਓ ॥**

I have renounced them; meeting the Guru, I have renounced them.

**ਸਰਬ ਸੁਖ ਆਨੰਦ ਮੰਗਲ ਰਸ ਮਾਨਿ ਗੋਬਿੰਦੈ ਆਗਿਓ ॥੧॥ ਰਹਾਉ ॥**

All peace, joy, happiness and pleasures have come since I surrendered to the Will of the Lord of the Universe. ||1||Pause||

**ਮਾਨੁ ਅਭਿਮਾਨੁ ਦੋਊ ਸਮਾਨੇ ਮਸਤਕੁ ਡਾਰਿ ਗੁਰ ਪਾਗਿਓ ॥**

Honor and dishonor are the same to me; I have placed my forehead upon the Guru's Feet.

**ਸੰਪਤ ਹਰਖੁ ਨ ਆਪਤ ਦੂਖਾ ਰੰਗੁ ਠਾਕੁਰੈ ਲਾਗਿਓ ॥੧॥**

Wealth does not excite me, and misfortune does not disturb me; I have embraced love for my Lord and Master. ||1||

**ਬਾਸ ਬਾਸਰੀ ਏਕੈ ਸੁਆਮੀ ਉਦਿਆਨ ਦ੍ਰਿਸਟਾਗਿਓ ॥**

The One Lord and Master dwells in the home; He is seen in the wilderness as well.

**ਨਿਰਭਉ ਭਏ ਸੰਤ ਭ੍ਰਮੁ ਡਾਰਿਓ ਪੂਰਨ ਸਰਬਾਗਿਓ ॥੨॥**

I have become fearless; the Saint has removed my doubts. The All-knowing Lord is pervading everywhere. ||2||

**ਜੋ ਕਿਛੁ ਕਰਤੈ ਕਾਰਣੁ ਕੀਨੋ ਮਨਿ ਬੁਰੋ ਨ ਲਾਗਿਓ॥**

Whatever the Creator does, my mind is not troubled.

**ਸਾਧਸੰਗਤਿ ਪਰਸਾਦਿ ਸੰਤਨ ਕੈ ਸੋਇਓ ਮਨੁ ਜਾਗਿਓ॥੩॥**

By the Grace of the Saints and the Company of the Holy, my sleeping mind has been awakened. ||3||

**ਜਨ ਨਾਨਕ ਓੜਿ ਤੁਹਾਰੀ ਪਰਿਓ ਆਇਓ ਸਰਣਾਗਿਓ॥**

Servant Nanak seeks Your Support; he has come to Your Sanctuary.

**ਨਾਮ ਰੰਗ ਸਹਜ ਰਸ ਮਾਣੇ ਫਿਰ ਦੂਖੁ ਨ ਲਾਗਿਓ॥੪॥੨॥੧੬੦॥**

In the Love of the Naam, the Name of the Lord, he enjoys intuitive peace; pain no longer touches him. ||4||2||160||

Postal Regd. No. CH/0045/2015-2017 RNI Regd.No. 46788/89 ISSN 0972-2335

